# ਵਰਲਡ ਪੰਜਾਬੀ ਟਾਈਮਜ਼

# WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162

Epaper World Punjabi Times 15 ਅਪ੍ਰੈਲ 2025 ਦਿਨ ਮੰਗਲਵਾਰ ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਈ ਦੀਵਾਨ ਸੋਸਾਇਟੀ ਕੈਲਗਰੀ ਵੱਲੋਂ ਔਨਲਾਈਨ ਅੰਤਰਰਾਸ਼ਟਰੀ ਕਵੀ ਦਰਬਾਰ ਕਰਵਾਇਆ ਗਿਆ

ਵਰਲਡ ਪੰਜਾਬੀ ਟਾਈਮਜ਼
ਜਸਵਿੰਦਰ ਸਿੰਘ ਰੁਪਾਲ

ਕੈਲਗਰੀ 15 ਅਪ੍ਰੈਲ : ਈ ਦੀਵਾਨ ਸੋਸਾਇਟੀ, ਕੈਲਗਰੀ ਵੱਲੋਂ ਆਪਣੇ ਹਫਤਾਵਾਰੀ ਪ੍ਰੋਗਰਾਮ ਵਿੱਚ 12 ਅਪ੍ਰੈਲ 2025 ਨੂੰ ਖਾਲਸਾ ਸਾਜਨਾ ਦਿਵਸ ਨੂੰ ਸਮਰਪਿਤ , ਇੱਕ ਅੰਤਰਰਾਸ਼ਟਰੀ ਮਹਾਨ ਕਵੀ ਦਰਬਾਰ ਕਰਵਾਇਆ ਗਿਆ, ਜਿਸ ਵਿੱਚ ਵੱਖ ਵੱਖ ਦੇਸ਼ਾਂ ਤੋਂ ਕਵੀ ਜਨ ਔਨਲਾਈਨ ਸ਼ਾਮਲ ਹੋਏ। ਇਹ ਸੋਸਾਇਟੀ ਗੁਰੂ ਗੋਬਿੰਦ ਸਿੰਘ ਜੀ ਦੀ ਚਲਾਈ ਹੋਈ ਕਵੀ ਦਰਬਾਰਾਂ ਦੀ ਪਰੰਪਰਾ ਨੂੰ ਅੱਗੇ ਤੋਰਨ ਵਿੱਚ ਅਹਿਮ ਯੋਗਦਾਨ ਪਾ ਰਹੀ ਹੈ।




ਸਭ ਤੋਂ ਪਹਿਲਾਂ ਸੋਸਾਇਟੀ ਦੇ ਸੰਸਥਾਪਕ ਸ.ਬਲਰਾਜ ਸਿੰਘ ਜੀ ਨੇ ਸਭ ਨੂੰ 'ਜੀ ਆਇਆਂ' ਆਖਦੇ ਹੋਏ ਕਵੀ ਦਰਬਾਰ ਦੇ ਮਕਸਦ ਤੇ ਚਾਨਣਾ ਪਾਇਆ। ਪ੍ਰੋਗਰਾਮ ਦਾ ਆਰੰਭ ਟੋਰੰਟੋ ਤੋਂ ਬੇਟੀ ਅਮਿਤੋਜ ਕੌਰ ਵਲੋਂ ਗਾਏ ਸ਼ਬਦ "ਚਰਨ ਸਰਨਿ ਗੁਰ ਏਕ ਪੈਡਾ ਜਾਇ ਚਲ.." ਨਾਲ ਹੋਇਆ। ਜੈਪੁਰ ਇੰਡੀਆ ਤੋਂ ਭੈਣ ਬ੍ਰਿਜਮੰਦਰ ਕੌਰ ਜੀ ਨੇ ਸ਼ਬਦ "ਇਹੁ ਮਨੁ ਸੁੰਦਰਿ ਆਪਣਾ ਹਰਿ ਨਾਮ ਮਜੀਠੈ ਰੰਗਿ ਰੀ।।" ਗਾ ਕੇ ਸੁਣਾਇਆ ਗਿਆ। ਕਵੀ ਦਰਬਾਰ ਦੇ ਮੰਚ ਸੰਚਾਲਨ ਦੀ ਭੂਮਿਕਾ ਨਿਭਾਉਂਦਿਆ ਹੋਇਆਂ ਗੁਰਦੀਸ਼ ਕੌਰ ਗਰੇਵਾਲ ਅਤੇ ਸੁਜਾਨ ਸਿੰਘ ਸੁਜਾਨ ਜੀ ਨੇ ਕਵੀਆਂ ਦੀ ਜਾਣ ਪਛਾਣ ਕਰਾਉਣ ਉਪਰੰਤ ਸਭ ਨੂੰ ਵਾਰੀ ਵਾਰੀ ਮੰਚ ਤੇ ਆਉਣ ਦਾ ਸੱਦਾ ਦਿੱਤਾ।

ਕਵੀ ਦਰਬਾਰ ਦਾ ਆਰੰਭ ਪਟਿਆਲੇ ਤੋਂ ਛੰਦਾਬੰਦੀ ਦੇ ਮਾਹਰ ਕਵੀ ਸ ਕੁਲਵੰਤ ਸਿੰਘ ਸੈਦੋਕੇ ਜੀ ਨੇ ਆਪਣੀ ਸੁਰੀਲੀ ਆਵਾਜ ਵਿਚ ਬੈਂਤ ਛੰਦ ਵਿਚ ਆਪਣੀ ਕਵਿਤਾ ਗਾ ਕੇ ਸੁਣਾਈ । ਜਸਪ੍ਰੀਤ ਕੌਰ ਨੋਇਡਾ ਜੀ ਨੇ ਗੁਰਦੀਸ਼ ਕੌਰ ਗਰੇਵਾਲ ਦਾ ਲਿਖਿਆ ਗੀਤ " ਉਸ ਪੰਥ ਸਜਾਇਆ ਏ, ਤੇਗਾਂ ਦੀਆਂ ਧਾਰਾਂ ਤੇ" ਤਰੰਨਮ ਵਿਚ ਗਾ ਕੇ ਸੁਣਾਇਆ। ਰਾਣਾ ਸਿੰਘ ਚਾਨਾ ਵਿਨੀਪੈਗ ਨੇ ਹਾਸ ਰਸ ਤੋਂ ਬੀਰ ਰਸ ਵੱਲ ਜਾਂਦੀ ਆਪਣੀ ਕਵਿਤਾ "ਅਣਖੀ ਵਿਸਾਖੀ" ਸੁਣਾਈ।ਜਸਵੀਰ ਸ਼ਰਮਾ ਦੱਦਾਹੂਰ ਜੀ ਨੇ ਆਪਣਾ ਗੀਤ "ਏਸ ਪੰਥ ਨੇ ਦੁਨੀਆਂ ਦੇ ਵਿਚ ਖੇਲੇ ਖੇਲ ਨਿਰਾਲੇ" ਸੁਣਾ ਕੇ ਰੰਗ ਬੰਨ੍ਹਿਆ। ਗੁਰਜੀਤ ਸਿੰਘ ਖਾਲਸਾ ਐਡਮਿੰਟਨ ਜੀ ਨੇ 13 ਅਪ੍ਰੈਲ 1978 ਦੀ ਵਿਸਾਖੀ ਦੇ ਸ਼ਹੀਦਾਂ ਨੂੰ ਸਟੇਜੀ ਕਵਿਤਾ ਦੇ ਅੰਦਾਜ਼ ਵਿਚ ਸ਼ਰਧਾਂਜਲੀ ਦਿੱਤੀ । ਕੈਲਗਰੀ ਤੋਂ ਖਾਲਸਈ ਸਰੂਪ ਵਿੱਚ ਸਜੇ 12 ਸਾਲ ਦੇ ਬੱਚੇ ਮੋਹਕਮ ਸਿੰਘ ਚੌਹਾਨ ਨੇ ਆਪਣੇ ਪਿਤਾ ਸ. ਭੋਲਾ ਸਿੰਘ ਚੌਹਾਨ ਜੀ ਦੀ ਲਿਖੀ ਕਵਿਤਾ " ਖਾਲਸੇ ਦੇ ਝੂਲਦੇ ਨਿਸ਼ਾਨ ਰਹਿਣਗੇ" ਖੂਬਸੂਰਤ ਅੰਦਾਜ਼ ਵਿਚ ਸੁਣਾ ਕੇ ਸਰੋਤਿਆਂ ਦੀ ਵਾਹ ਵਾਹ ਖੱਟੀ। ਕੈਲਗਰੀ ਤੋਂ ਹੀ ਸ.ਜਸਵਿੰਦਰ ਸਿੰਘ ਰੁਪਾਲ ਜੀ ਨੇ ਆਪਣੀ ਕਵਿਤਾ "ਸਿੱਖ ਤੋਂ ਗੁਰਾਂ ਨੇ ਐਸਾ ਸਿੰਘ ਘੜਿਆ, ਖਾਲਸਾ ਕਹਾਂਵਦਾ, ਜੱਗ ਤੋਂ ਨਿਆਰਾ ਏ" 'ਦੂਣਾ ਯਮਕਦਾਰ ਕੇਸਰੀ ਛੰਦ' ਵਿਚ ਸੁਣਾਈ ,ਜਿਸ ਵਿਚ ਤੀਹਰਾ ਕਾਫ਼ੀਆ ਹੋਣ ਕਰਕੇ ਉਸਨੂੰ ਗਾਉਣ ਲਈ ਲੰਮਾ ਸਾਹ ਚਾਹੀਦਾ ਹੈ। ਕੁਲਵਿੰਦਰ ਸਿੰਘ ਗਾਖਲ ਅਤੇ ਬੀਬੀ ਸੁਰਜੀਤ ਕੌਰ ਸੈਕਰਾਮੈਂਟੋ ਖਾਸ ਮਜਬੂਰੀਆਂ ਕਾਰਨ ਕਵੀ ਦਰਬਾਰ ਵਿਚ ਸ਼ਾਮਲ ਨਹੀਂ ਹੋ ਸਕੇ। ਅਮਨਪ੍ਰੀਤ ਸਿੰਘ ਦੁਲੱਟ ਕੈਲਗਰੀ ਨੇ "ਅੰਮ੍ਰਿਤ ਦੀ ਇਸ ਦਾਤ ਨਾਲ ਸਾਡੇ ਜਿਹੇ ਵੀ ਤਰ ਗਏ" ਸੁਣਾ ਕੇ ਅੰਮ੍ਰਿਤ ਦੀ ਮਹੱਤਤਾ ਦਰਸਾਈ।

ਸ੍ਰੀ ਮਤੀ ਗੁਰਦੀਸ਼ ਕੌਰ ਗਰੇਵਾਲ ਜੀਂ ਨੇ "ਖਾਲਸੇ ਦਾ ਰੁਤਬਾ ਬੜਾ ਮਹਾਨ ਹੈ" ਤਰੰਨਮ ਵਿਚ ਗਾ ਕੇ ਸਭ ਦਾ ਮਨ ਮੋਹ ਲਿਆ। ਟੋਰਾਂਟੋ ਤੋਂ ਸ.ਸੁਜਾਨ ਸਿੰਘ ਸੁਜਾਨ ਜੀਂ ਨੇ ਆਪਣਾ ਗੀਤ " ਸਿੰਘੋ ਪਾਹੁਲ ਪੀ ਲਵੋ ਖੰਡੇ ਦੀ ਧਾਰ ਦੀ" ਸੁਣਾ ਕੇ ਵਿਸਾਖੀ ਦਾ ਇਤਿਹਾਸ ਦੱਸਦੇ ਹੋਏ ਇਸਦਾ ਖੂਬਸੂਰਤ ਸੰਦੇਸ਼ ਦੇ ਕੇ ਸਭ ਨੂੰ ਅੰਮ੍ਰਿਤ ਛਕਣ ਦੀ ਪ੍ਰੇਰਨਾ ਦਿੱਤੀ।

ਅੰਤ ਤੇ ਡਾਕਟਰ ਸੁਰਜੀਤ ਸਿੰਘ ਭੱਟੀ ਜੀ ਨੇ ਦੂਰੋਂ ਨੇੜਿਉਂ ਆਏ ਸਮੂਹ ਕਵੀਆਂ ਦਾ ਧੰਨਵਾਦ ਕਰਦੇ ਹੋਏ ਦੱਸਿਆ ਕਿ ਕੈਨੇਡਾ ਵਿੱਚ ਅਪ੍ਰੈਲ ਮਹੀਨੇ ਨੂੰ ਸਿੱਖ ਵਿਰਾਸਤੀ ਮਹੀਨੇ ਵਜੋਂ ਅਤੇ ਅਮਰੀਕਾ ਵਿੱਚ 14 ਅਪ੍ਰੈਲ ਨੂੰ ਸਿੱਖ ਵਿਰਾਸਤੀ ਦਿਵਸ ਵਜੋਂ ਮਨਾਇਆ ਜਾਂਦਾ ਹੈ। ਸਮਾਗਮ ਦੀ ਸਮਾਪਤੀ ਤੇ ਆਨੰਦ ਸਾਹਿਬ, ਅਰਦਾਸ ਅਤੇ ਹੁਕਮਨਾਮੇ ਦੀ ਸੇਵਾ, ਡਾਕਟਰ ਬਲਰਾਜ ਸਿੰਘ ਅਤੇ ਜਗਬੀਰ ਸਿੰਘ ਜੀ ਨੇ ਨਿਭਾਈ। ਸੰਪਰਕ : ਗੁਰਦੀਸ਼ ਕੌਰ ਗਰੇਵਾਲ ਕੈਲਗਰੀ* : +1 403 404 1450*

## ਟਿਮ ਉੱਪਲ ਤੇ ਜਸਰਾਜ ਹੱਲਣ ਨੇ ਰਾਜਵੀਰ ਢਿੱਲੋਂ ਦੇ ਹੱਕ ਵਿੱਚ ਸਰੀ ਸੈਂਟਰ ਦਾ ਦੌਰਾ

ਵਰਲਡ ਪੰਜਾਬੀ ਟਾਈਮਜ਼
ਹਰਦਮ ਮਾਨ

ਸਰੀ, 15 ਅਪ੍ਰੈਲ : ਅਲਬਰਟਾ ਦੇ ਕੰਸਰਵੇਟਿਵ ਆਗੂ ਟਿਮ ਉੱਪਲ ਤੇ ਜਸਰਾਜ ਹੱਲਣ ਨੇ ਬੀਤੇ ਦਿਨੀਂ ਰਾਜਵੀਰ ਢਿੱਲੋਂ ਦੇ ਹੱਕ ਵਿੱਚ ਸਰੀ ਸੈਂਟਰ ਹਲਕੇ ਦਾ ਦੌਰਾ ਕੀਤਾ ਅਤੇ ਵਾਪਾਰੀਆਂ ਤੇ ਆਮ ਲੋਕਾਂ ਨੂੰ ਮਿਲ ਕੇ ਉਹਨਾਂ ਦੀਆਂ ਮੁਸ਼ਕਿਲਾਂ, ਸਮੱਸਿਆਵਾਂ ਸੁਣੀਆਂ। ਵਾਪਾਰੀਆਂ ਨਾਲ ਮਿਲਣੀ ਦੌਰਾਨ ਕਾਸਾ ਬਿਲਡਿੰਗ ਸਪਲਾਈ ਦੇ ਮਾਲਕ ਸਰਬਜੀਤ ਸਹੋਤਾ ਨੇ ਉਹਨਾਂ ਨੂੰ ਆਪਣੀਆਂ ਮੁਸ਼ਕਲਾਂ ਤੋਂ ਜਾਣੂ ਕਰਵਾਉਂਦਿਆਂ ਦੱਸਿਆ ਕਿ ਛੋਟੇ ਵਪਾਰ ਸਾਡੇ ਸਮਾਜ ਦੀ ਆਰਥਿਕਤਾ ਵਿੱਚ ਵੱਡਾ ਯੋਗਦਾਨ ਪਾਉਂਦੇ ਹਨ ਅਤੇ ਅਨੇਕਾਂ ਲੋਕਾਂ ਨੂੰ ਰੋਜ਼ਗਾਰ ਪ੍ਰਦਾਨ ਕਰਦੇ ਹਨ। ਪਰ ਬਦਲੇ ਹਾਲਾਤਾਂ ਵਿੱਚ ਉਹਨਾਂ ਨੂੰ ਆਪਣੇ ਕਾਰੋਬਾਰ ਨੂੰ ਚਲਾਉਣ ਵਿੱਚ ਬਹੁਤ ਮੁਸ਼ਕਿਲਾਂ ਪੇਸ਼ ਆ ਰਹੀਆਂ ਹਨ। ਟਿਮ ਉੱਪਲ ਤੇ ਜਸਰਾਜ ਹੱਲਣ ਨੇ ਉੱਥੇ ਕੰਮ ਕਰਦੇ ਕਾਮਿਆਂ ਦੀਆਂ ਸਮੱਸਿਆਵਾਂ ਦੀ ਸੁਣੀਆਂ।





ਇਸ ਮੌਕੇ ਗੱਲ ਕਰਦਿਆਂ ਟਿਮ ਉੱਪਲ ਨੇ ਕਿਹਾ ਕਿ ਲਿਬਰਲ ਸਰਕਾਰ ਦੇ ਸ਼ਾਸਨ ਦਾ ਨਤੀਜਾ ਇਹ ਹੈ ਕਿ ਸਿਰਫ ਕੁਝ ਮਹੀਨਿਆਂ ਵਿੱਚ ਹੀ ਦੋ ਮਿਲੀਅਨ ਲੋਕ ਫੂਡ ਬੈਂਕ ਉੱਪਰ ਜਾ ਚੁੱਕੇ ਹਨ, ਅਪਰਾਧ ਕੈਨੇਡਾ ਵਿੱਚ ਅੱਜ ਤੱਕ ਦੇ ਸਭ ਤੋਂ ਉੱਚੇ ਪੱਧਰ 'ਤੇ ਪਹੁੰਚ ਚੁੱਕੇ ਹਨ ਅਤੇ ਲਿਬਰਲ ਸਰਕਾਰ ਨੇ ਕਾਨੂੰਨਾਂ ਵਿੱਚ ਤਬਦੀਲੀ ਕਰਕੇ ਅਪਰਾਧੀਆਂ ਦੇ ਜਲਦੀ ਬਾਹਰ ਆਉਣ ਦਾ ਰਾਹ ਪੱਧਰਾ ਕਰ ਦਿੱਤਾ ਹੈ। ਇਸ ਕਰ ਕੇ ਉਹਨਾਂ ਵਿੱਚ ਕਾਨੂੰਨ ਦਾ ਕੋਈ ਖੌਫ ਨਹੀਂ ਰਿਹਾ। ਕੰਸਰਵੇਟਿਵ ਆਗੂਆਂ ਨੇ ਕਿਹਾ ਕਿ ਕੈਨੇਡਾ ਆਪਣੀਆਂ ਖੂਬਸੂਰਤ ਇਮੀਗਰੇਸ਼ਨ ਨੀਤੀਆਂ ਕਾਰਨ ਜਾਣਿਆ ਜਾਂਦਾ ਸੀ ਪਰ ਲਿਬਰਲ ਸਰਕਾਰ ਨੇ ਇਹਨਾਂ ਬਿਨਾਂ ਕਿਸੇ ਠੋਸ ਤਿਆਰੀ ਤੋਂ ਹਰ ਸਾਲ ਲੱਖਾਂ ਲੋਕਾਂ ਨੂੰ ਕੈਨੇਡਾ ਲੈ ਆਂਦਾ। ਕੋਈ ਪਲਾਨ ਨਹੀਂ ਬਣਾਇਆ ਕਿ ਉਹਨਾਂ ਨੂੰ ਕੋਈ ਕੰਮ ਮਿਲੇਗਾ ਜਾਂ ਨਹੀਂ, ਉਹ ਰਹਿਣਗੇ ਕਿੱਥੇ, ਉਹਨਾਂ ਦੇ ਬੱਚੇ ਪੜ੍ਹਨਗੇ ਕਿੱਥੇ ਅਤੇ ਉਹਨਾਂ ਨੂੰ ਇਲਾਜ ਸਹੂਲਤਾਂ ਕਿਵੇਂ ਮਿਲਣਗੀਆਂ। ਹੁਣ ਖ਼ੁਦ ਹੀ ਇਮੀਗਰਾਂਟਸ ਉੱਪਰ ਇਲਜ਼ਾਮ ਲਾਉਣਾ ਸ਼ੁਰੂ ਕਰ ਦਿੱਤਾ ਹੈ ਕਿ ਤੁਹਾਡੇ ਕਾਰਨ ਘਰਾਂ ਦੀਆਂ ਕੀਮਤਾਂ ਵਧ ਗਈਆਂ ਹਨ ਅਤੇ ਉਹਨਾਂ ਨੂੰ ਵਾਪਸ ਜਾਣ ਲਈ ਕਿਹਾ ਜਾ ਰਿਹਾ ਹੈ। ਉਹਨਾਂ ਕਿਹਾ ਕਿ ਲਿਬਰਲ ਸਰਕਾਰ ਬੁਰੀ ਤਰ੍ਹਾਂ ਨਾਲ ਫੇਲ੍ਹ ਹੋ ਚੁੱਕੀ ਹੈ। ਨਵੀਂ ਸਰਕਾਰ ਕੰਸਰਵੇਟਿਵ ਦੀ ਅਗਵਾਈ ਹੇਠ ਬਣਨ ਜਾ ਰਹੀ ਹੈ। ਉਹਨਾਂ ਸਰੀ ਸੈਂਟਰ ਦੇ ਵੋਟਰਾਂ ਨੂੰ ਅਪੀਲ ਕੀਤੀ ਇਹ ਰਾਜਵੀਰ ਢਿੱਲੋਂ ਨੂੰ ਭਾਰੀ ਬਹੁਮਤ ਨਾਲ ਜਿਤਾ ਕੇ ਪਾਰਲੀਮੈਂਟ ਵਿੱਚ ਭੇਜਿਆ ਜਾਵੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਜਸਦੀਪ ਸਿੱਧੂ, ਸੰਦੀਪ ਤੂਰ, ਰਿਕੀ ਬਾਜਵਾ, ਜਗਦੀਪ ਸੰਧੂ, ਇਕਬਾਲ ਸਿੰਘ ਅਤੇ ਕਾਸਾ ਬਿਲਡਿੰਗ ਸਪਲਾਈ ਦੀ ਮੈਨੇਜਮੈਂਟ ਟੀਮ ਹਾਜ਼ਰ ਸੀ।

## ਗੁਰੁਕੁਲ ਸਕੂਲ ਵਿਖੇ ਬੱਚਿਆਂ ਵੱਲੋਂ ਵਿਸਾਖੀ ਦਾ ਤਿਉਹਾਰ ਧੂਮ ਧਾਮ ਨਾਲ ਮਨਾਇਆ

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ


ਕੋਟਕਪੂਰਾ, 15 ਅਪ੍ਰੈਲ : ਨਾਮਵਰ ਵਿੱਦਿਅਕ ਸੰਸਥਾ ਗੁਰੂਕੁਲ ਸਕੂਲ ਵਿੱਚ ਵਿਸਾਖੀ ਦਾ ਤਿਉਹਾਰ ਬੱਚਿਆਂ ਵੱਲੋਂ ਧੂਮਧਾਮ, ਜੋਸ਼ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਇਹ ਤਿਉਹਾਰ ਪੰਜਾਬੀ ਸੱਭਿਆਚਾਰ ਅਤੇ ਕਿਸਾਨੀ ਜੀਵਨ ਦੀ ਖੁਸ਼ੀ ਨੂੰ ਦਰਸਾਉਂਦਾ ਹੈ। ਸਮਾਰੋਹ ਮੌਕੇ ਛੋਟੇ-ਛੋਟੇ ਬੱਚਿਆਂ ਨੇ ਰੰਗ ਬਰੰਗੇ ਪਹਿਰਾਵੇ ਪਾ ਕੇ ਭੰਗੜਾ, ਗਿੱਧਾ, ਲੋਕ ਨਾਚ ਅਤੇ ਗੀਤਾਂ ਰਾਹੀਂ ਪੂਰੇ ਮਾਹੌਲ ਨੂੰ ਪੰਜਾਬੀ ਰੰਗ ਵਿੱਚ ਰੰਗ ਦਿੱਤਾ। ਵਿਦਿਆਰਥੀਆਂ ਵੱਲੋਂ ਵਿਸਾਖੀ ਦੇ ਇਤਿਹਾਸ ਅਤੇ ਇਸ ਦੀ ਮਹੱਤਤਾ 'ਤੇ ਆਧਾਰਿਤ ਨਾਟਕ ਅਤੇ ਕਵਿਤਾਵਾਂ ਵੀ ਪੇਸ਼ ਕੀਤੀਆਂ ਗਈਆਂ। ਸਕੂਲ ਦੇ ਡਾਇਰੈਕਟਰ ਪ੍ਰਿੰਸੀਪਲ ਡਾ. ਧਵਨ ਕੁਮਾਰ ਜੀ ਨੇ ਆਪਣੇ ਸੰਬੋਧਨ ਵਿੱਚ ਵਿਸਾਖੀ ਦੀਆਂ ਵਧਾਈਆਂ ਦਿੰਦਿਆਂ ਕਿਹਾ ਕਿ ਇਹੋ ਜਿਹੇ ਤਿਉਹਾਰ ਬੱਚਿਆਂ ਵਿੱਚ ਸੱਭਿਆਚਾਰਿਕ ਜਾਗਰੂਕਤਾ ਪੈਦਾ ਕਰਦੇ ਹਨ। ਉਹਨਾਂ ਕਿਹਾ ਕਿ ਜਿੱਥੇ ਇਹ ਤਿਉਹਾਰ ਕਣਕ ਦੀ ਵਾਢੀ ਦੀ ਖੁਸ਼ੀ ਵਿੱਚ ਮਨਾਇਆ ਜਾਂਦਾ ਹੈ, ਉੱਥੇ ਹੀ ਖਾਲਸਾ ਪੰਥ ਦੀ ਸਾਜਨਾ ਕਰਨ ਵਾਲੇ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਇਤਿਹਾਸਿਕ ਤੌਰ 'ਤੇ ਯਾਦ ਕੀਤਾ ਜਾਂਦਾ ਹੈ, ਜਿਨ੍ਹਾਂ ਨੇ ਧਾਰਮਿਕ ਪਰੰਪਰਾ ਵਿੱਚ ਨਵੀਂ ਲਹਿਰ ਪੈਦਾ ਕਰਨ ਲਈ ਕੁਰਬਾਨੀ ਦਾ ਸੰਦੇਸ਼ ਦਿੰਦੇ ਹੋਏ ਖਾਲਸਾ ਪੰਥ ਦੀ ਸਾਜਨਾ ਕੀਤੀ, ਨਾਲ ਹੀ ਨਾਲ ਉਹਨਾਂ ਨੇ ਇਸ ਦਿਨ ਨੂੰ ਯਾਦ ਕਰਦਿਆਂ ਜਲਿਆਂਵਾਲੇ ਬਾਗ ਵਿੱਚ ਹੋਏ ਹੱਤਿਆਕਾਂਡ ਕਾਰਨ ਸ਼ਹੀਦ ਹੋਏ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ। ਉਨ੍ਹਾਂ ਨੇ ਸਾਰੇ ਅਧਿਆਪਕਾਂ ਅਤੇ ਵਿਦਿਆਰਥੀਆਂ ਦੇ ਉਤਸ਼ਾਹ ਦੀ ਸਾਰਾਹਨਾ ਕੀਤੀ।ਸਕੂਲ ਦਾ ਮਾਹੌਲ ਖੁਸ਼ੀ ਅਤੇ ਰੌਣਕ ਨਾਲ ਭਰਿਆ ਹੋਇਆ ਦਿਸ ਰਿਹਾ ਸੀ। ਇਹ ਸਮਾਰੋਹ ਨਾ ਕੇਵਲ ਬੱਚਿਆਂ ਲਈ ਮਨੋਰੰਜਨਕ ਰਿਹਾ, ਸਗੋਂ ਉਨ੍ਹਾਂ ਨੂੰ ਆਪਣੀ ਸੰਸਕ੍ਰਿਤੀ ਨਾਲ ਜੋੜਨ ਦਾ ਵੀ ਸਾਧਨ ਬਣਿਆ।




## ਨਾਮਧਾਰੀ ਸਿੱਖਾਂ ਵੱਲੋਂ "ਵਕਫ ਸੰਸ਼ੋਧਨ ਬਿੱਲ" ਦਾ ਸਮਰਥਨ

### "ਵਕਫ ਸੰਸ਼ੋਧਨ ਬਿੱਲ" ਮੁਸਲਮਾਨਾਂ ਵਾਸਤੇ ਲਾਹੇਵੰਦ ਹੈ – ਠਾਕੁਰ ਦਲੀਪ ਸਿੰਘ

ਵਰਲਡ ਪੰਜਾਬੀ ਟਾਈਮਜ਼
ਹਰਦਮ ਮਾਨ



ਸਰੀ, 15 ਅਪ੍ਰੈਲ : "ਵਕਫ ਸੰਸ਼ੋਧਨ ਬਿੱਲ 2025 ਦਾ ਸਮਰਥਨ ਕਰਦਿਆਂ ਵਰਤਮਾਨ ਨਾਮਧਾਰੀ ਮੁਖੀ ਠਾਕੁਰ ਦਲੀਪ ਸਿੰਘ ਨੇ ਆਪਣੇ ਸੰਦੇਸ਼ ਵਿੱਚ ਕਿਹਾ ਹੈ ਕਿ ਅਸੀਂ ਨਾਮਧਾਰੀ ਸਿੱਖ: ਭਾਜਪਾ ਵੱਲੋਂ ਪਾਸ ਕੀਤੇ ਗਏ "ਵਕਫ਼ ਸੰਸ਼ੋਧਨ ਬਿੱਲ" ਦਾ ਖੁੱਲ੍ਹ ਕੇ ਸਮਰਥਨ ਕਰਦੇ ਹਾਂ ਅਤੇ ਐਸਾ ਉੱਤਮ ਕਾਰਜ ਕਰਨ ਲਈ ਭਾਜਪਾ ਸਰਕਾਰ ਨੂੰ ਵਧਾਈ ਵੀ ਦਿੰਦੇ ਹਾਂ। ਪਹਿਲਾ "ਵਕਫ਼ ਬੋਰਡ ਬਿੱਲ" ਗੈਰ-ਸੰਵਿਧਾਨਿਕ ਸੀ, ਇਸ ਸੋਧ ਕੀਤੇ ਬਿੱਲ ਵਿੱਚ ਭਾਜਪਾ ਨੇ ਕਾਫੀ ਗਲਤੀਆਂ ਸੁਧਾਰ ਦਿੱਤੀਆਂ ਹਨ; ਭਾਵੇਂ ਅਜੇ ਹੋਰ ਵੀ ਗਲਤੀਆਂ ਸੁਧਾਰਨ ਵਾਲੀਆਂ ਰਹਿੰਦੀਆਂ ਹਨ।

ਉਨ੍ਹਾਂ ਕਿਹਾ ਕਿ "ਵਕਫ ਸੰਸ਼ੋਧਨ ਬਿੱਲ" ਅਨੁਸਾਰ: ਪਹਿਲਾਂ ਕਿਸੇ ਵੀ ਇਸਤਰੀ ਨੂੰ ਵਕਫ-ਬੋਰਡ ਵਿੱਚ ਸ਼ਾਮਿਲ ਕਰਨਾ ਜ਼ਰੂਰੀ ਨਹੀਂ ਸੀ। ਭਾਜਪਾ ਸਰਕਾਰ ਨੇ ਮੁਸਲਮਾਨ ਇਸਤਰੀਆਂ ਨੂੰ ਵਕਫ-ਬੋਰਡ ਪ੍ਰਬੰਧ ਵਿੱਚ ਸ਼ਾਮਿਲ ਕਰਨਾ ਜ਼ਰੂਰੀ ਕਰ ਕੇ, ਇਸਤਰੀ-ਸਸ਼ਕਤੀਕਰਨ ਕੀਤਾ ਹੈ ਅਤੇ ਮੁਸਲਮਾਨ ਇਸਤਰੀਆਂ ਨੂੰ ਉਚਿੱਤ ਸਥਾਨ ਦਿਵਾਇਆ ਹੈ। ਜਿਵੇਂ: ਭਾਜਪਾ ਨੇ "ਤੀਨ ਤਲਾਕ" ਦੀ ਗਲਤ ਪ੍ਰਥਾ ਖਤਮ ਕਰ ਕੇ, ਮੁਸਲਮਾਨ ਇਸਤਰੀਆਂ ਦੀ ਪਹਿਲਾਂ ਵੀ ਸਹਾਇਤਾ ਕੀਤੀ ਸੀ।

ਉਨ੍ਹਾਂ ਕਿਹਾ ਕਿ ਪਹਿਲਾਂ ਵਕਫ ਬੋਰਡ ਦੇ ਮੈਂਬਰ ਕੇਵਲ ਇਸਲਾਮ ਦੇ ਸੁੰਨੀ ਫਿਰਕੇ ਦੇ ਲੋਕ ਹੀ ਹੁੰਦੇ ਸਨ। ਹੁਣ ਭਾਜਪਾ ਨੇ ਵਕਫ਼-ਬੋਰਡ ਵਿੱਚ ਇਸਲਾਮ ਦੇ ਘੱਟ ਗਿਣਤੀ ਵਾਲੇ ਫ਼ਿਰਕਿਆਂ ਦੇ ਮੁਸਲਮਾਨਾਂ ਨੂੰ ਵੀ ਸ਼ਾਮਿਲ ਕਰਨਾ ਜ਼ਰੂਰੀ ਕਰ ਦਿੱਤਾ ਹੈ। ਗਰੀਬ ਮੁਸਲਮਾਨਾਂ ਨੂੰ ਵਕਫ਼ ਦੀ ਜਾਇਦਾਦ ਤੋਂ ਲਾਭ ਦੇਣ ਲਈ, ਐਸੇ ਹੋਰ ਵੀ ਬਹੁਤ ਸਾਰੇ ਸੁਧਾਰ ਕੀਤੇ ਗਏ ਹਨ, ਜੋ ਬਹੁਤ ਹੀ ਸ਼ਲਾਘਾਯੋਗ ਹਨ ਕਿਉਂਕਿ, ਵਕਫ-ਬੋਰਡ ਲੋਕ-ਭਲਾਈ ਵਾਸਤੇ ਹੁੰਦਾ ਹੈ। ਵਕਫ਼-ਬੋਰਡ ਲਈ ਕੋਈ, ਜੋ ਕੁਝ ਵੀ ਦਾਨ ਕਰਦਾ ਹੈ, ਉਹ 'ਅੱਲ੍ਹਾ' ਦੇ ਨਾਮ ਉੱਪਰ ਲੋਕ ਭਲਾਈ ਲਈ ਹੀ ਦਿੰਦਾ ਹੈ। ਪਰੰਤੂ ਵਕਫ਼-ਬੋਰਡ ਦੇ ਪ੍ਰਬੰਧਕ ਮੁਲਤਵੀਆਂ ਆਦਿ ਵੱਲੋਂ ਪ੍ਰਬੰਧ ਠੀਕ ਨਾ ਕਰਨ ਕਰ ਕੇ, ਲੋਕ-ਭਲਾਈ ਲਈ ਦਿੱਤੇ ਦਾਨ ਨਾਲ ਮੁੱਖ ਰੂਪ ਵਿੱਚ ਗਰੀਬਾਂ ਦੀ ਸਹਾਇਤਾ ਨਹੀਂ ਸੀ ਹੋ ਰਹੀ। ਵਕਫ਼-ਬੋਰਡ ਪ੍ਰਬੰਧ ਵਿੱਚ ਗਰੀਬ ਮੁਸਲਮਾਨ ਫਿਰਕੇ ਦੇ ਲੋਕਾਂ ਨੂੰ ਤਾਂ ਕੋਈ ਵੜਨ ਹੀ ਨਹੀਂ ਸੀ ਦਿੰਦਾ। ਕੁਝ ਚਲਾਕ, ਲਾਲਚੀ ਲੋਕ ਹੀ ਵਕਫ਼-ਬੋਰਡ ਦੀ ਆਮਦਨ ਅਤੇ ਜਾਇਦਾਦਾਂ ਨੂੰ ਆਪਸ ਵਿੱਚ ਰਲ-ਮਿਲ ਕੇ ਖਾ ਪੀ ਜਾਂਦੇ ਸਨ। "ਵਕਫ਼-ਬੋਰਡ ਕੋਲ ਧਾਰਾ 40 ਅਧੀਨ ਦੂਸਰਿਆਂ ਦੀ ਜ਼ਮੀਨ ਹੜੱਪਣ ਦੀਆਂ, ਜੋ ਗੈਰ-ਸੰਵਿਧਾਨਿਕ ਬਹੁਤ ਵੱਡੀਆਂ ਸ਼ਕਤੀਆਂ ਪਹਿਲੇ ਬਿੱਲ ਰਾਹੀਂ ਦਿੱਤੀਆਂ ਗਈਆਂ ਸਨ, ਜਿਨ੍ਹਾਂ ਦੇ ਆਧਾਰ ਉੱਪਰ ਵਕਫ਼-ਬੋਰਡ ਦੇ ਪ੍ਰਬੰਧਕ ਕਿਸੇ ਵੀ ਜਾਇਦਾਦ ਨੂੰ 'ਆਪਣਾ' ਕਹਿ ਕੇ ਉਸ ਉੱਪਰ ਕਬਜ਼ਾ ਕਰ ਸਕਦੇ ਸਨ ਅਤੇ ਉਸ ਦੀ ਆਮ ਕਚਹਿਰੀ ਵਿੱਚ ਸੁਣਵਾਈ ਨਹੀਂ ਸੀ ਹੋ ਸਕਦੀ"। ਠਾਕੁਰ ਦਲੀਪ ਸਿੰਘ ਨੇ ਕਿਹਾ ਕਿ ਐਸੀਆਂ ਸ਼ਕਤੀਆਂ ਸਰਕਾਰ ਨੇ ਉਹਨਾਂ ਤੋਂ ਖੋਹ ਕੇ ਵਕਫ਼-ਬੋਰਡ ਨੂੰ ਸੰਵਿਧਾਨ ਦੇ ਦਾਇਰੇ ਵਿੱਚ ਲਿਆਉਣ ਦੀ ਕੋਸ਼ਿਸ਼ ਕੀਤੀ ਹੈ ਤਾਂ ਕਿ ਵਕਫ਼-ਬੋਰਡ ਰਾਹੀਂ ਗਰੀਬ ਮੁਸਲਮਾਨਾਂ ਦੀ ਸਹਾਇਤਾ ਹੋ ਸਕੇ ਅਤੇ ਇਸਤਰੀਆਂ ਨੂੰ ਵੀ ਪ੍ਰਤੀਨਿਧਤਾ ਮਿਲ ਸਕੇ। ਇਹ 'ਵਕਫ਼ ਸੰਸ਼ੋਧਨ ਬਿੱਲ' ਸਮੁੱਚੇ ਭਾਰਤੀ ਮੁਸਲਮਾਨਾਂ ਵਾਸਤੇ ਅਤਿਅੰਤ ਲਾਭਦਾਇਕ ਹੈ; ਮੁਸਲਮਾਨ-ਵਿਰੋਧੀ ਨਹੀਂ ਹੈ। ਉਨ੍ਹਾਂ ਕਿਹਾ ਕਿ ਅਕਾਲ ਤਖਤ ਸਾਹਿਬ ਅਤੇ ਸ਼੍ਰੋਮਣੀ ਕਮੇਟੀ ਵਰਗੀਆਂ ਵੱਡੀਆਂ ਸਿੱਖ ਸੰਸਥਾਵਾਂ ਨੂੰ ਇਸ ਮੁਸਲਮਾਨ-ਸਮਰਥਕ ਬਿੱਲ ਦਾ ਖੁੱਲ੍ਹ ਕੇ ਸਮਰਥਨ ਕਰਨਾ ਚਾਹੀਦਾ ਸੀ; ਨਾ ਕਿ ਵਿਰੋਧ। ਕਿਉਂਕਿ ਇਹ ਬਿੱਲ ਘੱਟ ਗਿਣਤੀਆਂ ਦਾ ਸਮਰਥਕ ਹੈ। ਠਾਕੁਰ ਦਲੀਪ ਸਿੰਘ ਨੇ ਆਪਣੀ ਗੱਲ ਦੁਹਰਾਉਂਦਿਆਂ ਕਿਹਾ "ਅਸੀਂ ਨਾਮਧਾਰੀ ਸਿੱਖ, ਸਤਿਗੁਰੂ ਰਾਮ ਸਿੰਘ ਜੀ ਦੀ ਕਿਰਪਾ ਨਾਲ ਪੂਰਨ ਰੂਪ ਵਿੱਚ ਇਸ ਸ਼ੁਭ ਕਾਰਜ ਵਾਸਤੇ ਭਾਜਪਾ ਦਾ ਸਮਰਥਨ ਕਰਦੇ ਹਾਂ। ਅਸੀਂ ਭਾਜਪਾ ਸਰਕਾਰ ਨੂੰ ਵਧਾਈ ਦਿੰਦੇ ਹਾਂ ਕਿ ਉਹਨਾਂ ਨੇ ਵਕਫ਼-ਬੋਰਡ ਦੇ ਪੁਰਾਣੇ ਬਿੱਲ ਵਿੱਚ ਸੋਧ ਕਰ ਕੇ ਇਸ ਨੂੰ ਕੁਝ ਠੀਕ ਕਰ ਦਿੱਤਾ ਹੈ। ਪਰੰਤੂ ਵਕਫ਼-ਬੋਰਡ ਬਿੱਲ ਪੂਰੀ ਤਰ੍ਹਾਂ ਖਤਮ ਕੀਤਾ ਜਾਣਾ ਚਾਹੀਦਾ ਹੈ।

## ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਵੱਲੋਂ ਵਿਸਾਖੀ ਮੌਕੇ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ

### ਵੱਡੀ ਗਿਣਤੀ ਵਿਚ ਸ਼ਰਧਾਲੂ ਬੜੇ ਉਮਾਹ ਤੇ ਉਤਸ਼ਾਹ ਨਾਲ ਸ਼ਾਮਲ ਹੋਏ

ਵਰਲਡ ਪੰਜਾਬੀ ਟਾਈਮਜ਼
ਹਰਦਮ ਮਾਨ

ਸਰੀ, 15 ਅਪ੍ਰੈਲ : ਖਾਲਸਾ ਦੀਵਾਨ ਸੁਸਾਇਟੀ ਰੌਸ ਸਟਰੀਟ ਵੈਨਕੂਵਰ ਵੱਲੋਂ ਹਰ ਸਾਲ ਦੀ ਤਰ੍ਹਾਂ ਵਿਸਾਖੀ ਨਗਰ ਕੀਰਤਨ ਸ਼ਰਧਾਤੇ ਉਤਸ਼ਾਹ ਨਾਲ ਸਜਾਇਆ ਗਿਆ। ਨਗਰ ਕੀਰਤਨ ਦੀ ਰਵਾਨਗੀ ਤੋਂ ਪਹਿਲਾਂ ਗੁਰਦੁਆਰਾ ਸਾਹਿਬ ਵਿਖੇ ਦੀਵਾਨ ਸਜਾਏ ਗਏ। ਬੀਸੀ ਦੇ ਪ੍ਰੀਮੀਅਰ ਡੇਵਿਡ ਈਬੀ, ਸਪੀਕਰ ਰਾਜ ਚੌਹਾਨ , ਮੰਤਰੀ ਜਗਰੂਪ ਬਰਾੜ, ਗੈਰੀ ਬੈਗ, ਨਿੱਕੀ ਸ਼ਰਮਾ ਤੇ ਮੰਤਰੀ ਮੰਡਲ ਦੇ ਹੋਰ ਸਾਥੀਆਂ ਤੋਂ ਇਲਾਵਾ ਵਿਰੋਧੀ ਧਿਰ ਕੰਸਰਵੇਟਿਵ ਪਾਰਟੀ ਦੇ ਆਗੂ ਜੌਹਨ ਰਸਟੈਡ ਤੇ ਸਾਥੀ ਵਿਧਾਇਕ ਮਨਦੀਪ ਧਾਲੀਵਾਲ, ਸਟੀਵ ਕੂਨਰ, ਬਰਾਇਨ ਟੈਪਰ ਤੇ ਹੋਰਾਂ ਨੇ ਦੀਵਾਨ ਵਿਚ ਹਾਜ਼ਰੀ ਭਰੀ ਅਤੇ ਸੰਗਤਾਂ ਨੂੰ ਵਿਸਾਖੀ ਦੇ ਦਿਹਾੜੇ ਦੀਆਂ ਵਧਾਈਆਂ ਦਿੱਤੀਆਂ। ਵੈਨਕੂਵਰ ਫਰੇਜਰ ਵਿਊ ਤੋਂ ਐਨ ਡੀ ਪੀ ਉਮੀਦਵਾਰ ਮਨੋਜ ਭੰਗੂ, ਸਰੀ ਸੈਂਟਰ ਤੋਂ ਰਣਦੀਪ ਸਿੰਘ ਸਰਾਏ, ਸਰੀ ਨਿਊਟਨ ਤੋਂ ਸੁਖ ਧਾਲੀਵਾਲ ਤੇ ਹੋਰ ਆਗੂਆਂ ਨੇ ਵੀ ਵਿਸਾਖੀ ਦੀਆਂ ਵਧਾਈਆਂ ਦਿੱਤੀਆਂ।ਨਗਰ ਕੀਰਤਨ 11-30 ਵਜੇ ਗੁਰਦੁਆਰਾ ਸਾਹਿਬ ਤੋਂ ਸ਼ੁਰੂ ਹੋਇਆ ਅਤੇ ਰੌਸ ਸਟਰੀਟ, ਮਰੀਨ ਡਰਾਈਵ, ਮੇਨ ਸਟਰੀਟ, ਫਰੇਜਰ ਸਟਰੀਟ ਹੁੰਦਾ ਹੋਇਆ ਸ਼ਾਮ ਨੂੰ ਵਾਪਸ ਗੁਰਦੁਆਰਾ ਸਾਹਿਬ ਪਹੁੰਚ ਕੇ ਸਮਾਪਤ ਹੋਇਆ। ਨਗਰ ਕੀਰਤਨ ਦੌਰਾਨ ਵੈਨਕੂਵਰ ਪੁਲੀਸ ਟੁਕੜੀ ਵੱਲੋਂ ਵੀ ਸਲਾਮੀ ਦਿੱਤੀ ਗਈ ਤੇ ਬੈਂਡ ਧੁਨਾਂ ਨਾਲ ਸਵਾਗਤ ਕੀਤਾ ਗਿਆ। ਹਜ਼ਾਰਾਂ ਦੀ ਗਿਣਤੀ ਵਿਚ ਸੰਗਤ ਗੁਰਬਾਣੀ ਜਾਪ ਕਰਦੀ ਹੋਈ ਨਾਲ ਨਾਲ ਪੈਦਲ ਚਲ ਰਹੀ ਸੀ। ਗਤਕਾ ਪਾਰਟੀਆਂ ਨੇ ਵੀ ਆਪਣੇ ਜੌਹਰ ਵਿਖਾਏ। ਸਾਰੇ ਰਸਤੇ 'ਚ ਸ਼ਰਧਾਲੂਆਂ ਨੇ ਵੱਖ ਵੱਖ ਸਵਾਦੀ ਪਕਵਾਨਾਂ ਦੇ ਲੰਗਰ ਲਾਏ ਹੋਏ ਸਨ। ਮੌਸਮ ਸਾਫ ਅਤੇ ਧੁੱਪ ਹੋਣ ਕਰ ਕੇ ਵੱਡੀ ਗਿਣਤੀ ਵਿਚ ਸ਼ਰਧਾਲੂ ਨਗਰ ਕੀਰਤਨ ਵਿਚ ਸ਼ਾਮਿਲ ਹੋਏ। ਨਗਰ ਕੀਰਤਨ ਦੀ ਸਫਲਤਾ ਲਈ ਖਾਲਸਾ ਦੀਵਾਨ ਸੁਸਾਇਟੀ ਦੇ ਪ੍ਰਧਾਨ ਕੁਲਦੀਪ ਸਿੰਘ ਥਾਂਦੀ ਨੇ ਸੰਗਤਾਂ ਦਾ ਧੰਨਵਾਦ ਕੀਤਾ ਅਤੇ ਸਭ ਨੂੰ ਵਿਸਾਖੀ ਦਿਹਾੜੇ ਦੀਆਂ ਵਧਾਈਆਂ ਦਿੱਤੀਆਂ। ਨਗਰ ਕੀਰਤਨ ਦੌਰਾਨ ਗੁਲਾਟੀ ਪਬਲਿਸ਼ਰਜ਼ ਸਰੀ ਵੱਲੋਂ ਪੰਜਾਬੀ ਪੁਸਤਕਾਂ ਦੀ ਪ੍ਰਦਰਸ਼ਨੀ ਲਾਈ ਗਈ ਜਿਸ ਨੂੰ ਨਗਰ ਕੀਰਤਨ ਵਿਚ ਸ਼ਾਮਿਲ ਪੰਜਾਬੀ ਪਿਆਰਿਆਂ ਨੇ ਭਰਪੂਰ ਹੁੰਗਾਰਾ ਦਿੱਤਾ। ਪੁਸਤਕਾਂ ਦੇ ਸਟਾਲ ਉਪਰ ਉੱਘੇ ਫਿਲਮੀ ਕਲਾਕਾਰ ਤੇ ਲੇਖਕ ਰਣਬੀਰ ਰਾਣਾ ਵੀ ਪੁੱਜੇ ਅਤੇ ਲੋਕਾਂ ਨੂੰ ਪੁਸਤਕਾਂ ਪੜ੍ਹਨ ਲਈ ਪ੍ਰੇਰਿਆ।







## ਪੰਜਾਬ ਸਰਕਾਰ ਹਮੇਸ਼ਾ ਕਿਸਾਨਾਂ ਦੇ ਹਿੱਤਾਂ ਲਈ ਵਚਨਵੱਧ ਅਤੇ ਯਤਨਸ਼ੀਲ : ਜਗਰੂਪ ਸਿੰਘ ਗਿੱਲ

### ਕਿਸਾਨਾਂ ਨੂੰ ਮੰਡੀਆਂ ਵਿੱਚ ਨਹੀਂ ਆਉਣ ਦਿੱਤੀ ਜਾਵੇਗੀ ਕੋਈ ਸਮੱਸਿਆ : ਡਿਪਟੀ ਕਮਿਸ਼ਨਰ

### ਸਥਾਨਕ ਦਾਣਾ ਮੰਡੀ ਵਿਖੇ ਕਣਕ ਦੀ ਖ੍ਰੀਦ ਸ਼ੁਰੂ ਕਰਵਾਈ

ਵਰਲਡ ਪੰਜਾਬੀ ਟਾਈਮਜ਼
ਗੁਰਪ੍ਰੀਤ ਚਹਿਲ

ਬਠਿੰਡਾ, 15 ਅਪ੍ਰੈਲ : ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀਯੋਗ ਅਗਵਾਈ ਵਾਲੀ ਸੂਬਾ ਸਰਕਾਰ ਕਿਸਾਨਾਂ ਦੇ ਹਿੱਤਾਂ ਲਈ ਵਚਨਵੱਧ ਅਤੇ ਯਤਨਸ਼ੀਲ ਹੈ। ਇਹਨਾਂ ਗੱਲਾਂ ਦਾ ਪ੍ਰਗਟਾਵਾ ਵਿਧਾਇਕ ਬਠਿੰਡਾ (ਸ਼ਹਿਰੀ) ਸ. ਜਗਰੂਪ ਸਿੰਘ ਗਿੱਲ ਨੇ ਸਥਾਨਕ ਦਾਣਾ ਮੰਡੀ ਵਿਖੇ ਜ਼ਿਲ੍ਹੇ ਦੇ ਪਿੰਡ ਗੁਲਾਬਗੜ੍ਹ ਦੇ ਕਿਸਾਨ ਹਰਮੰਦਰ ਸਿੰਘ ਸਪੁੱਤਰ ਗੁਰਦੇਵ ਸਿੰਘ ਦੀ ਕਣਕ ਦੀ ਢੇਰੀ ਦੀ ਖਰੀਦ ਸ਼ੁਰੂ ਕਰਵਾਉਣ ਉਪਰੰਤ ਕੀਤਾ। ਇਸ ਮੌਕੇ ਉਹਨਾਂ ਦੇ ਨਾਲ ਡਿਪਟੀ ਕਮਿਸ਼ਨਰ ਸ੍ਰੀ ਸ਼ੌਕਤ ਅਹਿਮਦ ਪਰੇ, ਚੇਅਰਮੈਨ ਜ਼ਿਲ੍ਹਾ ਯੋਜਨਾ ਕਮੇਟੀ ਸ੍ਰੀ ਅੰਮ੍ਰਿਤ ਲਾਲ ਅਗਰਵਾਲ ਅਤੇ ਪੰਜਾਬ ਖਾਦੀ ਤੇ ਵਿਲਜ ਇੰਡਸਟਰੀਜ਼ ਬੋਰਡ ਦੇ ਡਾਇਰੈਕਟਰ ਤੇ ਚੇਅਰਮੈਨ ਮਾਰਕਿਟ ਕਮੇਟੀ ਸ੍ਰੀ ਬੱਲੀ ਬਲਜੀਤ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ।



ਇਸ ਮੌਕੇ ਵਿਧਾਇਕ ਸ੍ਰ ਜਗਰੂਪ ਸਿੰਘ ਗਿੱਲ ਨੇ ਕਿਹਾ ਕਿ ਪੰਜਾਬ ਸਰਕਾਰ ਕਿਸਾਨਾਂ ਦੀ ਫ਼ਸਲ ਦਾ ਦਾਣਾ-ਦਾਣਾ ਖਰੀਦਣ ਲਈ ਵਚਨਵੱਧ ਹੈ। ਉਹਨਾਂ ਕਿਹਾ ਕਿ ਕਿਸਾਨਾਂ ਦੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਖੇਤੀ ਹੈ।

ਸ. ਗਿੱਲ ਨੇ ਕਿਹਾ ਕਿ ਸਰਕਾਰ ਵੱਲੋਂ ਕਿਸਾਨਾਂ ਦੀ ਖ੍ਰੀਦ ਕੀਤੀ ਕਣਕ ਦੀ ਅਦਾਇਗੀ ਤੈਅ ਸਮੇਂ ਵਿੱਚ ਕੀਤੀ ਜਾਵੇਗੀ। ਉਨਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਆਪਣੀ ਫ਼ਸਲ ਦੀ ਕਟਾਈ ਪੂਰੀ ਤਰ੍ਹਾਂ ਸੁੱਕਣ ਉਪਰੰਤ ਹੀ ਕਰਵਾਈ ਜਾਵੇ ਤਾਂ ਜੋ ਫ਼ਸਲ ਵੇਚਣ ਲਈ ਮੰਡੀ ਵਿੱਚ ਕਿਸੇ ਕਿਸਮ ਦੀ ਕੋਈ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ।

ਇਸ ਮੌਕੇ ਡਿਪਟੀ ਕਮਿਸ਼ਨਰ ਸ੍ਰੀ ਸ਼ੌਕਤ ਅਹਿਮਦ ਪਰੇ ਨੇ ਕਿਹਾ ਕਿ ਕਿਸਾਨਾਂ ਨੂੰ ਮੰਡੀਆਂ ਵਿੱਚ ਕਿਸੇ ਵੀ ਤਰ੍ਹਾਂ ਦੀ ਕੋਈ ਸਮੱਸਿਆ ਦਰਪੇਸ਼ ਨਹੀਂ ਆਉਣ ਦਿੱਤੀ ਜਾਵੇਗੀ। ਉਹਨਾਂ ਕਿਹਾ ਕਿ ਜ਼ਿਲ੍ਹੇ ਦੀਆਂ 182 ਮੰਡੀਆਂ ਵਿੱਚ ਕਿਸਾਨਾਂ ਲਈ ਛਾਂ, ਬਿਜਲੀ, ਪੀਣ ਵਾਲਾ ਪਾਣੀ ਤੋਂ ਇਲਾਵਾ ਹੋਰ ਸਾਰੇ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ, ਉਹਨਾਂ ਇਹ ਵੀ ਕਿਹਾ ਕਿ ਅਧਿਕਾਰੀਆਂ ਨੂੰ ਜਿੱਥੇ ਵੀ ਮੰਡੀ ਵਿਚ ਕੋਈ ਇਕਾ-ਦੁਕਾ ਕਮੀ ਹੈ, ਉਸ ਨੂੰ ਤਰੁੰਤ ਹੱਲ ਕਰਨ ਦੀਆਂ ਹਦਾਇਤਾਂ ਕੀਤੀਆਂ ਹੋਈਆਂ ਹਨ।

ਇਸ ਮੌਕੇ ਜ਼ਿਲ੍ਹਾ ਖੁਰਾਕ ਤੇ ਸਪਲਾਈ ਕੰਟਰੋਲਰ ਵਿਭਾਗ ਦੇ ਅਧਿਕਾਰੀ, ਕੌਂਸਲਰ ਸ੍ਰੀ ਸੁਖਦੀਪ ਗਿੱਲ ਢਿੱਲੋਂ ਤੋਂ ਇਲਾਵਾ ਵੱਖ-ਵੱਖ ਪਿੰਡਾਂ ਦੇ ਕਿਸਾਨ, ਆੜ੍ਹਤੀਏ ਤੇ ਖਰੀਦ ਏਜੰਸੀਆਂ ਆਦਿ ਹਾਜ਼ਰ ਸਨ।

## 326ਵਾ ਖ਼ਾਲਸਾ ਸਾਜਨਾ ਦਿਵਸ/ਵਿਸਾਖੀ




ਨਾਨਕ ਕੀ ਪ੍ਰਭ ਬੇਨਤੀ ਪ੍ਰਭ ਮਿਲਹੁ ਪਰਾਪਤਿ ਹੋਇ ॥
ਵੈਸਾਖੁ ਸੁਹਾਵਾ ਤਾਂ ਲਗੈ ਜਾ ਸੰਤੁ ਭੇਟੈ ਹਰਿ ਸੋਇ ॥੩॥
ਮਾਝ ਬਾਰਹਮਾਹਾ (ਮਃ ੫) ੩:੮ – ਗੁਰੂ ਗ੍ਰੰਥ ਸਾਹਿਬ : ਅੰਗ ੧੩੪ ਪੰ. ੧

ਵਰਲਡ ਪੰਜਾਬੀ ਟਾਈਮਜ਼
ਸਰਬਜੀਤ ਸਿੰਘ ਜਰਮਨੀ

ਸਿੱਖ ਧਰਮ ਵਿੱਚ ਬਹੁਤ ਸਾਰੇ ਧਾਰਮਿਕ ਦਿਵਸ ਮਨਾਏ ਜਾਂਦੇ ਹਨ ਜਿਵੇਂ ਕਿ ਗੁਰਪੁਰਬ, ਸ਼ਹੀਦੀ ਪੁਰਬ, ਗੁਰਗੱਦੀ ਦਿਵਸ, ਹਰ ਮਹੀਨੇ ਸੰਗਰਾਂਦ ਆਦਿ। ਸਮੁੱਚੀ ਸਿੱਖ ਕੌਮ ਲਈ ਖ਼ਾਲਸਾ ਸਾਜਨਾ ਦਿਵਸ ਭਾਵ ਕਿ ਵਿਸਾਖੀ ਦਾ ਦਿਵਸ ਮਨਾਉਣ ਲਈ ਬਹੁਤ ਜ਼ਿਆਦਾ ਉਤਸ਼ਾਹ ਅਤੇ ਖੁਸ਼ੀ ਹੁੰਦੀ ਹੈ। ਹਰ ਇੱਕ ਦੇ ਦਿਲ ਵਿੱਚ ਇਸ ਤਿਉਹਾਰ ਨੂੰ ਖੁਸ਼ੀਆਂ ਨਾਲ ਮਨਾਉਣ ਅਤੇ ਗੁਰੂ ਘਰ ਵਿਖੇ ਨਤਮਸਤਕ ਹੋ ਕੇ ਧੰਨ ਧੰਨ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦਾ ਸ਼ੁਕਰਾਨਾ ਕਰ ਸਿਜਦਾ ਕਰਨ ਦਾ ਚਾਅ ਵੱਖਰਾ ਈ ਹੁੰਦਾ ਹੈ। ਹਰ ਸਾਲ 13 ਅਪ੍ਰੈਲ ਨੂੰ ਭਾਵ ਵਿਸਾਖੀ ਵਾਲੇ ਦਿਨ ਭਾਰਤ ਦੇ ਨਾਲ ਨਾਲ ਵਿਸ਼ਵ ਭਰ ਵਿੱਚ ਜਿੰਨੇ ਵੀ ਸਿੱਖ ਗੁਰੂ ਘਰ ਹਨ ਉਹਨਾਂ ਸਭਨਾਂ ਵਿੱਚ ਸਿੱਖ ਸੰਗਤਾਂ ਬਹੁਤ ਸ਼ਰਧਾ ਭਾਵਨਾ ਨਾਲ ਨਤਮਸਤਕ ਹੁੰਦੀਆਂ ਹਨ। ਜਰਮਨ ਦੇ ਸ਼ਹਿਰ ਜੋਸਟ ਵਿਖੇ ਸਥਿਤ ਗੁਰਦੁਆਰਾ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਵਿਖੇ ਇਲਾਕੇ ਦੀਆਂ ਸਾਰੀਆਂ ਸੰਗਤਾਂ ਨੇ ਵਿਸਾਖੀ ਦੇ ਪਵਿੱਤਰ ਤਿਉਹਾਰ ਨੂੰ ਮਨਾਉਣ ਲਈ ਹਾਜ਼ਰੀ ਭਰੀ।

ਭਾਰਤ ਵਿੱਚ ਖਾਸ ਕਰਕੇ ਪੰਜਾਬ ਵਿੱਚ ਅਕਸਰ ਹੀ ਬਹੁ-ਗਿਣਤੀ ਸਿੱਖ ਸੰਗਤਾਂ ਕਣਕ ਦੀ ਵਾਢੀ ਕਰਕੇ, ਨਵੇਂ ਅਨਾਜ ਦੀ ਆਮਦ ਤੇ ਖੁਸ਼ੀ ਵਿੱਚ ਵਿਸਾਖੀ ਦਾ ਪਵਿੱਤਰ ਤਿਉਹਾਰ ਮਨਾਉਂਦੀਆਂ ਹਨ। ਜਰਮਨ ਵਿੱਚ ਵੀ ਇਹਨਾਂ ਦਿਨਾਂ ਵਿੱਚ ਬੱਚਿਆਂ ਨੂੰ ਸਕੂਲੋਂ ਦੋ ਹਫ਼ਤੇ ਦੀਆਂ ਛੁੱਟੀਆਂ ਹੋਣ ਕਰਕੇ ਕੰਮ-ਕਾਜ ਕਰਦੇ ਮਾਪੇ ਸਵੇਰ ਦੀ ਭੱਜ ਦੌੜ ਤੋਂ ਕੁਝ ਰਾਹਤ ਮਹਿਸੂਸ ਕਰ ਰਹੇ ਸਨ ਤੇ ਆਪਣੇ ਨਿੱਕੇ ਬੱਚਿਆਂ ਨਾਲ ਵੱਡੀ ਗਿਣਤੀ ਵਿੱਚ ਗੁਰਦੁਆਰਾ ਸਾਹਿਬ ਵਿਖੇ ਪਹੁੰਚੇ ਸਨ। ਇਹਨਾਂ ਬਾਹਰ ਦੇ ਮੁਲਕਾਂ ਵਿੱਚ ਹਰ ਇੱਕ ਨੂੰ ਐਨੀ ਭੱਜ ਦੌੜ ਹੈ ਕਿ ਬੱਚਿਆਂ ਨੂੰ ਛੁੱਟੀਆਂ ਹੋਣ ਤੇ ਮਾਪਿਆਂ ਨੂੰ ਵਾਢੀ ਜਿੰਨਾ ਚਾਅ ਚੜ੍ਹ ਜਾਂਦਾ ਹੈ।

ਗੁਰਦੁਆਰਾ ਸਾਹਿਬ ਵਿਖੇ ਗ੍ਰੰਥੀ ਸਿੰਘ ਜੀ ਅਤੇ ਸਾਰੀਆਂ ਸੰਗਤਾਂ ਵੱਲੋਂ ਪਹਿਲਾ ਰਲ ਮਿਲ ਕੇ ਸ੍ਰੀ ਸੁਖਮਨੀ ਸਾਹਿਬ ਜੀ ਦਾ ਪਾਠ ਕੀਤਾ ਗਿਆ। ਅਰਦਾਸ ਉਪਰੰਤ ਬਾਅਦ ਵਿੱਚ ਗੁਰਦੁਆਰਾ ਸਾਹਿਬ ਦੇ ਮੁੱਖ ਦੁਆਰ ਤੇ ਲੱਗੇ ਨਿਸ਼ਾਨ ਸਾਹਿਬ ਜੀ ਦੇ ਚੋਲ਼ਾ ਸਾਹਿਬ ਬਦਲੀ ਕੀਤੇ ਗਏ। ਚੋਲ਼ਾ ਸਾਹਿਬ ਦੀ ਸੇਵਾ ਕਰਦੇ ਸਮੇਂ ਗ੍ਰੰਥੀ ਸਿੰਘ ਸਾਹਿਬ ਜੀ ਵੱਲੋਂ ਪੁਰਾਤਨ ਸਿੱਖੀ ਰੀਤ ਨਾਲ ਸ਼ਬਦ ਚੌਂਕੀ ਕਰਦਿਆਂ ਗੁਰੂ ਸਾਹਿਬ ਜੀ ਦੇ ਸ਼ਬਦ ਗਾਇਨ ਕੀਤੇ ਗਏ। ਜਰਮਨ ਵਿੱਚ ਇਸ ਦਿਨ ਬਹੁਤ ਤੇਜ਼ ਹਵਾਵਾਂ ਵਗ ਰਹੀਆਂ ਸਨ ਪਰ ਇਸ ਦੇ ਬਾਵਜੂਦ ਵੀ ਨਿੱਕੇ ਬੱਚੇ, ਔਰਤਾਂ ਅਤੇ ਮਰਦ ਸਾਰੀਆਂ ਸੰਗਤਾਂ ਗੁਰੂ ਦੇ ਪ੍ਰੇਮ ਵਿੱਚ ਰੰਗੀਆਂ ਹੋਈਆਂ ਸਮ ਤੇ ਸ਼ਬਦ ਗਾ ਰਹੀਆਂ ਸਨ। ਨਿਸ਼ਾਨ ਸਾਹਿਬ ਦੇ ਚੋਲ਼ਾ ਸਾਹਿਬ ਦੀ ਸੇਵਾ ਸੰਪੂਰਨ ਹੋਣ ਉਪਰੰਤ ਗੁਰੂ ਘਰ ਅੰਦਰ ਦਿਵਾਨ ਸਜਾਏ ਗਏ ਜਿਸ ਵਿੱਚ ਭਾਈ ਸਾਹਿਬ ਜੀ ਨੇ ਆਪਣੀ ਕਥਾ ਵਿੱਚ ਪੰਜ ਪਿਆਰਿਆਂ ਦੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਹੋਰਾਂ ਪਾਸੋਂ ਚੋਣ ਕਰਨ ਦਾ ਵਰਣਨ ਕੀਤਾ।

ਭਾਈ ਸਾਹਿਬ ਜੀ ਨੇ ਕਥਾ ਸੁਣਾਉਂਦਿਆਂ ਦੱਸਿਆ ਕਿ ਗੁਰੂ ਸਾਹਿਬ ਜੀ ਨੇ ਪਹਿਲਾ ਭਾਈ ਦਇਆ ਸਿੰਘ ਜੀ ਦੀ ਚੋਣ ਕੀਤੀ ਤੇ ਸਮਝਾਇਆ ਕਿ ਹਰ ਸਿੱਖ ਵਿੱਚ ਪਹਿਲਾਂ ਦਇਆ ਹੋਣੀ ਚਾਹੀਦੀ ਹੈ।

ਗੁਰੂ ਸਾਹਿਬ ਜੀ ਨੇ ਦੂਜੇ ਪਿਆਰੇ ਭਾਈ ਧਰਮ ਸਿੰਘ ਜੀ ਦੀ ਚੋਣ ਕੀਤੀ ਤੇ ਸਮਝਾਇਆ ਕਿ ਫੇਰ ਹਰ ਸਿੱਖ ਧਰਮ ਦੇ ਰਸਤੇ ਤੇ ਚੱਲ ਸਕਦਾ ਹੈ।

ਗੁਰੂ ਸਾਹਿਬ ਜੀ ਨੇ ਤੀਜੇ ਪਿਆਰੇ ਭਾਈ ਹਿੰਮਤ ਸਿੰਘ ਜੀ ਦੀ ਚੋਣ ਕੀਤੀ ਤੇ ਸਮਝਾਇਆ ਕਿ ਹਰ ਸਿੱਖ ਹਿੰਮਤ ਨਾਲ ਧਰਮ ਦੇ ਰਸਤੇ ਤੇ ਸਹੀ ਤਰ੍ਹਾਂ ਚੱਲ ਸਕਦਾ ਹੈ।

ਗੁਰੂ ਸਾਹਿਬ ਜੀ ਨੇ ਚੌਥੇ ਪਿਆਰੇ ਭਾਈ ਮੋਹਕਮ ਸਿੰਘ ਜੀ ਦੀ ਚੋਣ ਕੀਤੀ ਤੇ ਸਮਝਾਇਆ ਕਿ ਜਦੋਂ ਸਿੱਖ ਹਿੰਮਤ ਕਰਕੇ ਧਰਮ ਦੇ ਰਸਤੇ ਤੇ ਚੱਲਦਾ ਹੈ ਤਾਂ ਉਸ ਦਾ ਮੋਹ ਸੰਸਾਰ ਦੇ ਸੁਆਰਥਾਂ ਨਾਲੋਂ ਟੁੱਟ ਜਾਂਦਾ ਹੈ।

ਗੁਰੂ ਸਾਹਿਬ ਜੀ ਨੇ ਪੰਜਵੇਂ ਪਿਆਰੇ ਭਾਈ ਸਾਹਿਬ ਸਿੰਘ ਜੀ ਦੀ ਚੋਣ ਕੀਤੀ ਤੇ ਸਮਝਾਇਆ ਜਦੋਂ ਸੰਸਾਰ ਦੇ ਸੁਆਰਥਾਂ ਨਾਲੋਂ ਸਿੱਖ ਦਾ ਮੋਹ ਟੁੱਟ ਜਾਂਦਾ ਹੈ ਤਾਂ ਉਹ ਆਪਣੇ ਸਾਹਿਬ ਨਾਲ ਅਭੇਦ ਹੋ ਜਾਂਦਾ ਹੈ।

ਕਥਾ ਸਮਾਪਤੀ ਉਪਰੰਤ ਸਮੁੱਚੀ ਸਿੱਖ ਕੌਮ ਦੀ ਚੜ੍ਹਦੀ ਕਲਾ ਦੀ ਅਰਦਾਸ ਕੀਤੀ ਗਈ ਤੇ ਅਰਦਾਸ ਕੀਤੀ ਗਈ ਕਿ ਸੰਗਤਾਂ ਇਸੇ ਤਰ੍ਹਾਂ ਗੁਰੂ ਦੇ ਦਿਵਸ ਦੀਆਂ ਖੁਸ਼ੀਆਂ ਮਨਾਉਂਦੀਆਂ ਰਹਿਣ। ਸਭਨਾਂ ਦੇ ਘਰ ਖੁਸ਼ੀਆਂ ਖੇੜੇ, ਬਰਕਤਾਂ ਰਹਿਣ ਤੇ ਗੁਰੂ ਸਾਹਿਬ ਆਪਣੇ ਚਰਨਾਂ ਕਮਲਾਂ ਦੀ ਪ੍ਰੀਤ ਸਦੀਵੀ ਬਣਾਈ ਰੱਖਣ।

## ਡਾ.ਬੀ.ਆਰ.ਅੰਬੇਡਕਰ- ਭਾਰਤ ਦੇ ਹੋ ਸਿਰ ਤਾਜ

ਵਰਲਡ ਪੰਜਾਬੀ ਟਾਈਮਜ਼
ਸੁਖਦੀਪ ਕੌਰ

ਸਾਡੀ ਜ਼ਿੰਦਗੀ ਹੁੰਦੀ ਸੀ ਗ਼ੁਲਾਮ,
ਸਾਨੂੰ ਕਰਵਾਇਆ ਏ ਤੁਸੀਂ ਆਜ਼ਾਦ।

ਹੱਕ ਨੇ ਸਾਨੂੰ ਦਿਵਾਏ ਤੁਸੀਂ,
ਸੁੱਖ ਸਾਡੀ ਝੋਲੀ ਪਾਏ ਤੁਸੀਂ।

ਕੀਤੀ ਰੌਸ਼ਨੀ ਵਿੱਚ ਹਨੇਰੇ ਸੰਸਾਰ,
ਦਿੱਤੇ ਸਾਨੂੰ ਤੁਸੀਂ ਸਾਡੇ ਅਧਿਕਾਰ।

ਬਾਕਮਾਲ ਤੁਸੀਂ ਲਿਖਕੇ ਸੰਵਿਧਾਨ,
ਦੁਨੀਆ ਦੀ ਤੁਸੀਂ ਬਣੇ ਓ ਸ਼ਾਨ।

ਸਾਡੀ ਜ਼ਿੰਦਗੀ ਨੂੰ ਸੁਰਗ ਬਣਾਇਆ,
ਸੰਵਿਧਾਨ ਲਿਖ ਐਸਾ ਕਰਮ ਕਮਾਇਆ।

ਔਰਤ ਨੂੰ ਸਿਰ ਦਾ ਤਾਜ ਬਣਾਇਆਂ ਜੀ,
ਫਿਰ ਹੱਕਾਂ ਦੇ ਲਈ ਲੜਣਾ ਸਿਖਾਇਆ ਜੀ।

ਸਾਡੀ ਜ਼ਿੰਦਗੀ ਲਈ ਤੁਸੀਂ ਵਰਦਾਨ ਬਣੇ,
ਆਪਣੇ ਕੰਮਾਂ ਕਰਕੇ ਤੁਸੀਂ ਹੋ ਮਹਾਨ ਬਣੇ ।

"ਫੂਲ" ਸਰ ਨੇ ਲਿਖੀ ਆਪ 'ਤੇ ਕਿਤਾਬ,
ਸੱਚਮੁੱਚ ਤੁਸੀਂ ਭਾਰਤ ਦੇ ਹੋ ਸਿਰ ਤਾਜ।

ਤੁਹਾਡੇ ਬਾਰੇ ਜਾਣਕੇ ਜਾਗੀ ਨਵੀਂ ਉਮੀਦ,
ਸੱਚ ਹਮੇਸ਼ਾ ਲਿਖਦੀ ਰਹੇਗੀ ਸੁਖਦੀਪ।

## ਪੰਜਾਬੀ ਗ਼ਜ਼ਲ

ਵਰਲਡ ਪੰਜਾਬੀ ਟਾਈਮਜ਼
ਮੁਸਤਫ਼ਾ ਰਾਜ

ਉਮਰਾਂ ਦੇ ਦੁੱਖ ਜਾਲ ਰਿਹਾਂ ਵਾਂ
ਚਾਰ ਦਿਹਾੜੇ ਨਾਲ਼ ਰਿਹਾ ਵਾਂ

ਤੇਰੇ ਭਾਣੇ ਮੰਦਾ ਸੀ ਮੈਂ
ਲੋਕਾਂ ਵਿੱਚ ਮਿਸਾਲ ਰਿਹਾ ਵਾਂ

ਤੈਂ ਜੇਹੇ ਨਖ਼ਰੇ ਮੈਂ ਨਹੀਂ ਕੀਤੇ
ਮੈਂ ਵੀ ਪੁੱਤਰਾ ਬਾਲ਼ ਰਿਹਾ ਵਾਂ

ਤੇਰੇ ਵੱਲ ਨਾਂ ਉਂਗਲੀ ਉੱਠੇ
ਇਸ ਲਈ ਗੱਲ ਨੂੰ ਟਾਲ ਰਿਹਾ ਵਾਂ

ਔਕੜ ਦੇ ਵਿੱਚ ਲੰਘਿਆ ਜਿਹੜਾ
ਗਿਣਦਾ ਇੱਕ ਇੱਕ ਸਾਲ ਰਿਹਾ ਵਾਂ

ਉਹਨੇ ਭਾਵੇਂ ਨਹੀਉਂ ਚੁੱਕੀ
ਕਰਦਾ ਰੋਜ਼ ਮੈਂ ਕਾਲ ਰਿਹਾ ਵਾਂ

ਉੱਸੇ ਸੱਪ ਨੇ ਡੰਗਣਾ ਮੈਨੂੰ
ਜਿਹੜਾ ਰਾਜ ਮੈਂ ਪਾਲ ਰਿਹਾ ਵਾਂ

## ਪਿੰਡ ਦੇ ਹਰ ਸਮਾਗਮ ਵਿੱਚ ਸਟੇਜ਼ ਸਕੱਤਰ ਦਾ ਫਰਜ਼ ਨਿਭਾਉਣ ਵਾਲਾ ਸ੍ਰ. ਰਣਜੀਤ ਸਿੰਘ ਢੀਂਡਸਾ (ਸਰਪੰਚ)

ਵਰਲਡ ਪੰਜਾਬੀ ਟਾਈਮਜ਼
ਮੇਜਰ ਸਿੰਘ ਨਾਭਾ



ਸ਼ਬਦਾਂ ਨੂੰ ਸਮੇਂ ਦੇ ਨਿਜਾਕਤ ਅਨੁਸਾਰ ਪਰੋਅ ਕੇ ਆਪਣੀ ਤਕਰੀਰ ਨੂੰ ਲੋਕਾ ਦੇ ਮਨਾਂ ਨੂੰ ਟੁੰਬਣ ਵਾਲੇ ਸਮਾਜ ਵਿੱਚ ਵਿਰਲੇ ਲੋਕ ਆਪਣੀ ਵਿਸ਼ੇਸ਼ ਥਾਂ ਬਣਾ ਲੈਂਦੇ ਹਨ । ਇਹੋ ਜਿਹੀ ਹੀ ਢੀਂਡਸਾ ਪਰਿਵਾਰ ਦੀ ਸ਼ਖਸ਼ੀਅਤ ਹੈ ਸ੍ਰ. ਰਣਜੀਤ ਸਿੰਘ ਢੀਂਡਸਾ , ਜਿਨ੍ਹਾਂ ਦਾ ਜਨਮ ਪਿੰਡ ਦੰਦਰਾਲਾ ਢੀਂਡਸਾ (ਪਟਿਆਲਾ) ਵਿਖੇ ਸਵ: ਸ੍ਰ. ਉਜਾਗਰ ਸਿੰਘ ਢੀਂਡਸਾ ਦੇ ਘਰ ਮਾਤਾ ਸਰਦਾਰਨੀ ਸੰਤ ਕੌਰ ਦੀ ਕੁੱਖੋਂ 10 ਮਈ 1964 ਨੂੰ ਹੋਇਆ ।ਉਨ੍ਹਾਂ ਦੇ ਮਾਤਾ ਜੀ ਧਾਰਮਿਕ ਬਿਰਤੀ ਵਾਲੇ ਹੋਣ ਕਰਕੇ ਘਰ ਵਿੱਚਲੇ ਧਾਰਮਿਕ ਮਾਹੌਲ ਦੀ ਰੰਗਤ ਰਣਜੀਤ ਸਿੰਘ ਨੂੰ ਛੋਟੇ ਹੁੰਦਿਆਂ ਹੀ ਚੜ੍ਹ ਗਈ ਸੀ ।ਉਸ ਨੇ ਦਸਵੀਂ ਤੱਕ ਦੀ ਵਿੱਦਿਆ ਪਿੰਡ ਦੇ ਸਰਕਾਰੀ ਹਾਈ ਸਕੂਲ ਤੋਂ ਸੰਨ 1980 ਤੱਕ ਪ੍ਰਾਪਤ ਕੀਤੀ ।

ਪੰਜਾਬ ਅੰਦਰ ਨੋਜਵਾਨਾਂ ਦੇ ਉਸ ਸਮੇਂ ਬੇਰੁਜ਼ਗਾਰੀ ਕਾਰਨ ਕੁਰਾਹੇ ਪੈਣ ਦੀ ਪਿਰਤ ਚਲ ਰਹੀ ਸੀ । ਪਿੰਡ ਵਿੱਚ ਨੌਜਵਾਨਾਂ ਨੂੰ ਖੇਡਾਂ ਨਾਲ ਜੌੜਨ ਲਈ ਪਿੰਡ ਦੇ ਸੂਝਵਾਨ ਨੋਜਵਾਨਾਂ ਵਲੋਂ ਢੀਂਡਸਾ ਯੂਥ ਕਲੱਬ ਦਾ ਗਠਨ ਕੀਤਾ ਗਿਆ ਅਤੇ ਹਰੇਕ ਸਾਲ ਟੂਰਨਾਮੈਂਟ ਕਰਵਾਏ ਜਾਣ ਲੱਗੇ । ਛੋਟੀ ਉਮਰੇ ਹੀ ਰਣਜੀਤ ਸਿੰਘ ਇਨ੍ਹਾਂ ਟੂਰਨਾਮੈਂਟ ਦੀ ਸਟੇਜ਼ ਸਕੱਤਰ ਦੀ ਭੁਮਿਕਾ ਬੜੇ ਸਲੀਕੇ ਨਾਲ ਨਿਭਾਉਣ ਲੱਗ ਗਿਆ ਕਿਉਂ ਕਿ ਉਹ ਇਸ ਕਲੱਬ ਨਾਲ ਅਗਾਂਊਵਧੂ ਸੋਚ ਕਰਕੇ ਜੁੜ ਗਿਆ ਸੀ । ਹੁਣ ਤਾਂ ਉਸ ਨੂੰ ਪਿੰਡ ਦੇ ਹਰੇਕ ਸਮਾਗਮ ਦੀ ਕਾਰਵਾਈ ਚਲਾਉਣ ਅਤੇ ਸੰਗਤ ਦਾ ਧੰਨਵਾਦ ਕਰਨ ਲਈ ਜ਼ਿੰਮੇਵਾਰੀ ਸੌਂਪੀ ਜਾਂਦੀ ਹੈ ।ਉਸ ਨੂੰ ਸਬਦਾਂ ਨੂੰ ਸਮੇਂ ਅਨੁਸਾਰ ਢਾਲ ਕੇ ਸਮੇਂ ਦੇ ਹਾਣੀ ਬਣਾਉਣ ਦਾ ਵਲ ਆਉਂਦਾ ਹੈ । ਗੁਰਬਾਣੀ ਨਾਲ ਛੋਟੇ ਹੁੰਦੇ ਹੀ ਉਹ ਜੁੜ ਗਿਆ ਸੀ ਇਸੇ ਕਰਕੇ ਉਸ ਨੂੰ ਗੁਰਬਾਣੀ ਕੰਠ ਹੋ ਗਈ ਹੈ , ਭਾਸਣ ਦਿੰਦੇ ਸਮੇਂ ਉਹ ਗੁਰਬਾਣੀ ਦੀਆਂ ਤੁੱਕਾਂ ਦਾ ਹਵਾਲਾ ਵੀ ਅਕਸਰ ਦਿੰਦਾ ਹੈ ।ਉਨ੍ਹਾ ਦਾ ਵਿਆਹ 1988 ਵਿੱਚ ਪਿੰਡ ਭੋੜੇ ਦੇ ਸਵ: ਸ੍ਰ. ਕਰਨੈਲ ਸਿੰਘ ਦੀ ਬੇਟੀ ਪਰਮਜੀਤ ਕੌਰ ਨਾਲ ਹੋਇਆ ।

ਗੁਰਸਿੱਖੀ ਨਾਲ ਜੁੜੇ ਹੋਣ ਕਾਰਨ ਉਸ ਨੂੰ 1990 ਵਿੱਚ ਗੁਰਦੁਆਰਾ ਸਾਹਿਬ ਭਾਈ ਮੂਲ ਚੰਦ ਜੀ ਦੀ ਪ੍ਰਬੰਧਕ ਕਮੇਟੀ ਦੇ ਮੁੱਖ ਸੇਵਾਦਾਰ ਵਜੋਂ ਸੇਵਾ ਮਿਲ ਗਈ । ਇਸ ਸਮੇਂ ਦੌਰਾਨ ਉਸ ਨੇ ਗੁਰਦੁਆਰਾ ਸਾਹਿਬ ਦੀ ਜਮੀਨ ਉੱਪਰ ਨਜਾਇਜ਼ ਕਬਜ਼ਿਆਂ ਨੂੰ ਛੁੱਡਵਾ ਕੇ ਦੀਵਾਰ ਕੱਢਵਾ ਕੇ ਦੁਕਾਨਾਂ ਦੀ ਉਸਾਰੀ ਕਰਵਾਈ ਜੋ ਕਮੇਟੀ ਲਈ ਆਮਦਨ ਦਾ ਸਾਧਨ ਬਣ ਗਈਆਂ । ਪਿੰਡ ਦੇ ਸਰਪੰਚ ਸ੍ਰ. ਜਰਨੈਲ ਸਿੰਘ ਢੀਂਡਸਾ ਦੀ ਅਚਾਨਕ ਸ਼ੰਖੇਪ ਬਿਮਾਰੀ ਉਪਰੰਤ ਮੌਤ ਹੋਣ ਕਾਰਨ 21 ਦਸੰਬਰ 1994 ਨੂੰ ਜ਼ਿਮਨੀ ਚੋਣ ਵਿੱਚ ਸ੍ਰ. ਰਣਜੀਤ ਸਿੰਘ ਢੀਂਡਸਾ ਚੋਣ ਜਿੱਤ ਕੇ ਪਿੰਡ ਦੇ ਸਰਪੰਚ ਬਣ ਗਏ ।ਉਹ ਇਸ ਚੋਣ ਦੀ ਟਰਮ ਜੋ ਕਿ 1997 ਤੱਕ ਸੀ ਦੇ ਸਰਪੰਚ ਰਹੇ ।ਇਸ ਥੋੜੇ ਸਮੇਂ ਦੌਰਾਨ ਉਨ੍ਹਾਂ ਨੇ ਪਿੰਡ ਦੀਆਂ ਧਰਮਸ਼ਾਲਾਵਾਂ ਦੀਆਂ ਪੁਰਾਣੀਆਂ ਛੱਤਾਂ ਬਦਲਵਾ ਕੇ ਲੈਂਟਰ ਪੁਵਾਏ । ਗਲੀਆਂ , ਨਾਲੀਆਂ ਦੇ ਕੰਮ ਕੀਤੇ । ਸਰਕਾਰੀ ਗ੍ਰਾਂਟ ਨਾਲ ਸਕੂਲ ਦੇ ਦੋ ਕਮਰੇ ਬਣਵਾਏ । ਸਕੂਲ ਦੇ ਨਾਲ ਲੱਗਦੀ ਜਗ੍ਹਾ ਨੂੰ ਖਰੀਦ ਕੇ ਸਕੂਲ਼ ਵਿੱਚ ਰਲਾਇਆ ।ਫੋਕਲ ਪੁਆਇੰਟ ਬਸਤੀ ਵਿਖੇ ਧਰਮਸਾਲਾ ਅਤੇ ਗਲੀਆਂ ਨਾਲੀਆਂ ਬਣਵਾਈਆਂ ।ਅਗਲੀ ਟਰਮ ਵਿੱਚ ਪਿੰਡ ਦੀ ਸਰਪੰਚੀ ਔਰਤ ਲਈ ਰਿਜ਼ਰਵ ਹੋ ਗਈ । ਇਨ੍ਹਾਂ ਹਾਲਾਤਾਂ 'ਚ ਉਨ੍ਹਾਂ ਦੇ ਦੋਸਤ ਸ੍ਰ. ਰਣਜੀਤ ਸਿੰਘ ਕਾਲਾ ਦੀ ਮਾਤਾ ਸਰਪੰਚ ਦੇ ਉਮੀਦਵਾਰ ਬਣਾਏ ਗਏ , ਉਨ੍ਹਾਂ ਦੇ ਨਾ ਚਾਹੁੰਦੇ ਹੋਏ ਵੀ ਉਨ੍ਹਾਂ ਨੂੰ ਮੈਂਬਰ ਵਜੋਂ ਉਮੀਦਵਾਰ ਬਣਨਾ ਪਿਆ ਅਤੇ ਉਹ ਸਭ ਤੋਂ ਵੱਧ ਵੋਟਾਂ ਲੈ ਕੇ ਜਿੱਤੇ ।ਇਸ ਪੰਚਾਇਤ ਵਿੱਚ ਉਨ੍ਹਾਂ ਨੇ ਸਕੂਲ ਵਿੱਚ ਨਾਬਾਰਡ ਬਿਲਡਿੰਗ ਬਣਵਾਉਣ ਲਈ ਅਹਿਮ ਭੂਮਿਕਾ ਨਿਭਾਈ । ਪਿੰਡ ਤੋਂ ਸਿਵਗੜ੍ਹ ਨੂੰ ਸੜਕ ਅਤੇ ਫਿਰਨੀ ਦੀ ਸੜਕ ਅਥੇ ਸਕੂਲ ਤੱਕ ਸੜਕ ਵੀ ਇਸ ਪੰਚਾਇਤ ਨੇ ਬਣਵਾਈ ।ਗਲੀਆਂ ,ਨਾਲੀਆਂ ਦਾ ਰਹਿੰਦਾ ਕੰਮ ਵੀ ਹੋਇਆ ।ਉਨ੍ਹਾਂ ਪਿੰਡ ਦੇ ਗੁਰਦੁਆਰੇ ਦੀ ਨਵੀਂ ਇਮਾਰਤ ਬਣਾਉਣ ਵਿੱਚ ਉਸ ਸਮੇਂ ਦੇ ਗੁਰਦੁਆਰਾ ਕਮੇਟੀ ਦੇ ਖਜਾਨਚੀ ਸ੍ਰ. ਹਰਬੰਸ ਸਿੰਘ (ਬਿਜਲੀ ਬੋਰਡ) ਨਾਲ ਪੂਰਨ ਸਹਿਯੋਗ ਦੇ ਕੇ ਅਹਿਮ ਭੂਮਿਕਾ ਨਿਭਾਈ ।ਇਲਾਕੇ ਦੇ ਪਿੰਡਾਂ ਵਿੱਚੋਂ ਪਿੰਡ ਵਿੱਚ ਪਹਿਲਾ ਪੰਚਾਇਤੀ ਫੋਨ ਲੱਗਣ ਕਾਰਨ ਪਿੰਡ ਵਾਸੀਆਂ ਨੂੰ ਫੋਨ ਦੀ ਸਹੂਲਤ ਮਿਲੀ ।ਇਸ ਤੋਂ ਬਾਅਦ ਪਿੰਡ ਵਿੱਚ ਉਨ੍ਹਾਂ ਵੱਧ ਤੋਂ ਵੱਧ ਟੈਲੀਫੋਨ ਕੁਨੇਕਸ਼ਨ ਅਪਲਾਈ ਕਰਵਾਕੇ ਟੈਲੀਫੋਨ ਐਕਸਚੈਂਜ਼ ਲਿਆਉਣ ਵਿੱਚ ਅਹਿਮ ਰੋਲ ਅਦਾ ਕੀਤਾ । ਇਲਾਕੇ ਵਿੱਚ ਉਨ੍ਹਾਂ ਦੀਆਂ ਵਿਲੱਖਣ ਗਤੀ ਵਿਧੀਆਂ ਕਰਕੇ ਉਨ੍ਹਾਂ ਨੂੰ ਧਾਰਮਿਕ, ਸਮਾਜਿਕ, ਰਾਜਨੀਤਕ ਆਦਿ ਪ੍ਰੋਗਰਾਮਾਂ / ਸਮਾਗਮਾਂ ਲਈ ਅਕਸਰ ਸੱਦਾ ਪੱਤਰ ਆਉਂਦੇ ਰਹਿੰਦੇ ਹਨ । ਉਹ ਲੋੜਵੰਦਾਂ ਦੇ ਕੰਮ ਕਰਾਉਣੂ ਲਈ ਨਾਲ ਵੀ ਜਾਂਦੇ ਰਹਿੰਦੇ ਹਨ ।ਸਮਾਜ ਸੇਵੀ ਸਵ: ਬਾਬਾ ਬਿਸ਼ਨ ਸਿੰਘ ( ਵਾਤਾਵਰਣ ਪ੍ਰੇਮੀ ) ਦੀ ਸੰਗਤ ਦਾ ਉਨ੍ਹਾਂ ਉੱਪਰ ਡੂੰਘਾ ਅਸ਼ਰ ਪੈਣ ਕਾਰਨ ਰਣਜੀਤ ਸਿੰਘ ਦੀ ਸੋਚ ਵੀ ਸਮਾਜ ਲਈ ਕੁਝ ਨਾ ਕੁਝ ਕਰਨ ਲਈ ਤੱਤਪਰ ਰਹਿੰਦੀ ਹੈ ।ਉਹ ਪਿੰਡ ਵਿੱਚ ਪਰਿਵਾਰਿਕ ਸਾਂਝ ਰੱਖਦੇ ਹੋਏ ਹਰੇਕ ਦੇ ਦੁੱਖ-ਸੁੱਖ ਵਿੱਚ ਸਰੀਕ ਹੁੰਦੇ ਹਨ । ਕਿਸਾਨੀ ਨਾਲ ਸਬੰਧਤ ਹੋਣ ਕਰਕੇ ਉਹ ਕਿਸਾਨੀ ਸੰਘਰਸ਼ ਵਿੱਚ ਵੀ ਪੂਰਾ ਸਹਿਯੋਗ ਦਿੰਦੇ ਰਹਿੰਦੇ ਹਨ ।

ਉਹ ਧਾਰਮਿਕ ਸਮਾਗਮਾਂ ਵਿੱਚ ਅਕਸਰ ਹਾਜ਼ਰੀ ਭਰਨ ਦੇ ਨਾਲ ਸਹਿਯੋਗ ਵੀ ਦਿੰਦੇ ਰਹਿੰਦੇ ਹਨ ।ਉਨ੍ਹਾਂ ਦਾ ਸੁਭਾਅ ਮਿਲਣਸਾਰ , ਦੁੱਖ-ਸੁੱਖ ਦੇ ਸਾਂਝੀਵਾਲ , ਨਿਮਰਤਾ ਵਾਲਾ ਹੈ ।ਪਿੰਡ ਦੇ ਸਕੂਲ਼ ਦੀ ਮਨੇਜਮੈਂਟ ਕਮੇਟੀ ਦੇ ਪ੍ਰਧਾਨ, ਪੀ.ਟੀ.ਏ. ਦੇ ਪ੍ਰਧਾਨ ਹੁੰਦੇ ਹਮੇਸ਼ਾ ਸਕੂਲ ਦੀ ਬਿਹਤਰੀ ਲਈ ਕੰਮ ਕਰਦੇ ਰਹੇ । ਉਹ ਸਕੂਲ ਅਤੇ ਬੱਚਿਆਂ ਦੀ ਭਲਾਈ ਲਈ ਸਕੂਲ ਦੇ ਪੁਰਾਣੇ ਵਿਦਿਆਰਥੀਆਂ ਵਲੋਂ ਬਣਾਈ 'ਮੇਰਾ ਸਕੂਲ ਵੈਲਫੇਅਰ ਸੋਸਾਇਟੀ (ਰਜ਼ਿ:)' ਦੇ ਪ੍ਰੈਸ ਸਕੱਤਰ ਵਜੋਂ ਕੰਮ ਕਰ ਰਹੇ ਹਨ ਅਤੇ ਪੂਰਾ ਸਹਿਯੋਗ ਦੇ ਰਹੇ ਹਨ । ਸ੍ਰ. ਰਣਜੀਤ ਸਿੰਘ ਢੀਂਡਸਾ ਦਾ ਬੇਟਾ ਸੁਖਵਿੰਦਰ ਸਿੰਘ ਢੀਂਡਸਾ ਪ੍ਰਾਈਵੇਟ ਜਾਬ ਕਰ ਰਿਹਾ ਹੈ । ਬੇਟੇ ਦੀ ਪਤਨੀ ਮਨਜੀਤ ਕੌਰ ਨਿੱਘੇ ਸੁਭਾਅ ਦੀ ਹੈ ਜੋ ਆਪਣੀਆਂ ਪੜ੍ਹ ਰਹੀਆਂ ਦੋ ਬੇਟੀਆਂ ਹਰਸਿਮਰਤ ਕੌਰ ਅਤੇ ਗੁਰਸੀਰਤ ਕੌਰ ਦਾ ਵਧੀਆ ਪਾਲਣ ਪੌਸ਼ਣ ਕਰ ਰਹੀ ਹੈ ।ਸ੍ਰ. ਰਣਜੀਤ ਸਿੰਘ ਢੀਂਡਸਾ ਦੀ ਬੇਟੀ ਮਨਿੰਦਰ ਕੌਰ ਆਪਣੇ ਪਤੀ ਜਸਵੀਰ ਸਿੰਘ ਅਤੇ ਬੇਟੇ ਮਨਕੀਰਤ ਸਿੰਘ ਨਾਲ ਕਨੇਡਾ ਵਿਖੇ ਰਹਿ ਰਹੀ ਹੈ ।ਉਹ ਆਪਣੇ ਮਾਤਾ ਜੀ ਅਤੇ ਪਰਿਵਾਰ ਸਮੇਤ ਆਪਣੇ ਪਿੰਡ ਦੰਦਰਾਲਾ ਢੀਂਡਸਾ ਵਿਖੇ ਰਹਿ ਕੇ ਖੇਤੀਬਾੜੀ ਦਾ ਕੰਮ ਕਰ ਰਹੇ ਹਨ।

ਵਾਹਿਗੁਰੂ ਜੀ ਉਨ੍ਹਾਂ ਨੂੰ ਹੋਰ ਵਧੇਰੇ ਧਾਰਮਿਕ , ਸਮਾਜ ਭਲਾਈ ਕੰਮਾਂ ਨੂੰ ਕਰਨ ਲਈ ਤੰਦਰੁਸਤੀ, ਸੁਮੱਤ ਅਤੇ ਚੜ੍ਹਦੀਕਲਾ ਬਖਸ਼ਣ ।

## ਅਲਮਾਰੀ ਤੇ ਮਾਂ

ਵਰਲਡ ਪੰਜਾਬੀ ਟਾਈਮਜ਼
ਮੂਲ ਲੇਖਕ - ਪੰਕਜ ਤ੍ਰਿਵੇਦੀ
ਅਨੁਵਾਦ - ਪ੍ਰੋ. ਨਵ ਸੰਗੀਤ ਸਿੰਘ

ਅਲਮਾਰੀ ਵਿੱਚ ਕੱਪੜਿਆਂ ਦੇ ਹੇਠਾਂ
ਪੁਰਾਣੇ ਅਖ਼ਬਾਰ ਵਿਛਾਉਣ ਦੀ
ਮਾਂ ਨੂੰ ਆਦਤ ਸੀ
ਪਿਤਾ ਜੀ ਦੀ ਘੱਟ ਤਨਖਾਹ ਅਤੇ
ਮਹਿੰਗਾਈ ਦੀ ਮਾਰ
ਸਾਡੇ ਤਿੰਨ ਭਰਾਵਾਂ ਦੀ ਇੱਕ ਭੈਣ ਸੀ

ਮਹੀਨੇ ਦੇ ਅੰਤ ਵਿੱਚ ਪੈਸਿਆਂ ਦੀ ਕਮੀ
ਇੰਨੀ ਮਹਿਸੂਸ ਹੁੰਦੀ ਸੀ ਕਿ
ਲੱਗਦਾ ਕਦੋਂ ਤਨਖਾਹ ਆਏਗੀ?
ਕੈਲੰਡਰ ਦੇ ਪੰਨੇ ਜਿਉਂ ਜਿਉਂ ਘੱਟ ਹੁੰਦੇ
ਅਤੇ ਪਹਿਲੀ ਤਰੀਕ ਨੇੜੇ ਆਉਂਦੀ
ਤਾਂ

ਜ਼ਿੰਦਗੀ ਵਿੱਚ ਉਮੀਦ ਦੀਆਂ ਕੋਂਪਲਾਂ ਫੁਟਦੀਆਂ
ਹੁਣ ਤਾਂ ਦੋ ਦਿਨ ਹੀ ਬਚੇ ਨੇ
ਅਜਿਹੇ ਸਮੇਂ
ਮਾਂ ਸਾਨੂੰ ਪਿਆਰ ਨਾਲ ਕਹਿੰਦੀ
ਜਿਉਂ ਹੀ ਤਨਖਾਹ ਆਏਗੀ, ਤੁਹਾਨੂੰ
ਨਵੇਂ ਕੱਪੜੇ ਦਿਵਾਵਾਂਗੀ
ਪਤਾ ਨਹੀਂ ਕਿਉਂ, ਤਨਖਾਹ ਨਾਲ
ਕੋਈ ਅਜਿਹੀ ਮੁਸ਼ਕਿਲ ਵੀ ਆ ਜਾਂਦੀ

ਜੋ
ਸਾਰੇ ਸੁਪਨਿਆਂ ਤੇ ਪਾਣੀ ਫੇਰ ਦਿੰਦੀ
ਪਰ ਅਜਿਹੇ ਸਮੇਂ ਵਿੱਚ ਵੀ ਮਾਂ ਹਿੰਮਤ ਨਾ ਹਾਰਦੀ
ਅਲਮਾਰੀ ਵਿੱਚ ਰੱਖੇ ਕੱਪੜਿਆਂ ਹੇਠਾਂ
ਵਿਛਾਏ ਹੋਏ ਉਸ ਅਖ਼ਬਾਰ ਨੂੰ

ਸਾਥੋਂ ਲੁਕੋ ਕੇ ਵੇਖਦੀ ਅਤੇ ਉਥੋਂ ਹੀ
ਸੌ ਦੋ ਸੌ ਰੁਪਏ ਕੱਢ ਕੇ
ਸਾਡੀਆਂ ਲੋੜਾਂ ਨੂੰ ਪੂਰਾ ਕਰ ਦਿੰਦੀ

ਅੱਜ ਬੇਟੀ ਨੇ ਜਦੋਂ ਜ਼ਿਦ ਕਰਕੇ
ਮੈਥੋਂ ਕੁਝ ਪੈਸੇ ਮੰਗੇ ਤਾਂ ਮਾਂ ਯਾਦ ਆਈ
ਉਨ੍ਹਾਂ ਦੀਆਂ ਅੱਖਾਂ ਵਿੱਚ ਛਾਈ ਬੇਬੱਸੀ ਅਤੇ
ਪਿਆਰ ਦੇ ਦ੍ਵੰਦ ਨੂੰ ਸਮਝ ਸਕਿਆ ਮੈਂ
ਮੈਂ ਵੀ ਅਖ਼ਬਾਰ ਦੇ ਹੇਠੋਂ

ਕੁਝ ਰੁਪਏ ਕੱਢ ਕੇ ਬੇਟੀ ਦੇ ਹੱਥ ਤੇ
ਧਰ ਦਿੱਤੇ
ਅਤੇ ਮਾਂ ਦੇ ਸੰਸਕਾਰਾਂ ਤੇ
ਮਾਣ ਮਹਿਸੂਸ ਕਰਨ ਲੱਗਿਆ।
***

# ਅਨੰਤ ਮਹਾਦੇਵਨ ਦੁਆਰਾ ਨਿਰਦੇਸ਼ਿਤ 'ਫੁਲੇ' ਫਿਲਮ ਦੇ ਸੈਂਸਰ ਬੋਰਡ ਨਾਲ ਸਬੰਧਤ ਵਿਵਾਦ 'ਤੇ ਲੇਖ ਪ੍ਰਕਾਸ਼ਨ ਲਈ – ਕਲਪਨਾ ਪਾਂਡੇ




ਵਰਲਡ ਪੰਜਾਬੀ ਟਾਈਮਜ਼
ਕਲਪਨਾ ਪਾਂਡੇ

'ਦ ਸਟੋਰੀਟੈਲਰ' ਵਰਗਾ ਉੱਚ ਕੁਆਲਿਟੀ, ਸੰਵੇਦਨਸ਼ੀਲ ਅਤੇ ਅਰਥਪੂਰਨ ਫਿਲਮ ਬਣਾਉਣ ਵਾਲੇ ਰਾਸ਼ਟਰੀ ਪੁਰਸਕਾਰ ਜੇਤੂ ਅਨੰਤ ਮਹਾਦੇਵਨ ਦੁਆਰਾ ਨਿਰਦੇਸ਼ਿਤ 'ਫੁਲੇ' ਫਿਲਮ ਰਿਲੀਜ਼ ਹੋਣ ਤੋਂ ਪਹਿਲਾਂ ਹੀ ਤੀਬਰ ਵਿਵਾਦ ਦੇ ਘੇਰੇ ਵਿੱਚ ਫਸ ਗਈ ਹੈ। 'ਫੁਲੇ' ਫਿਲਮ ਮੂਲ ਰੂਪ ਵਿੱਚ 11 ਅਪ੍ਰੈਲ 2025 ਨੂੰ ਰਿਲੀਜ਼ ਹੋਣ ਵਾਲੀ ਸੀ, ਪਰ ਮਹਾਰਾਸ਼ਟਰ ਦੀਆਂ ਕੁਝ ਬ੍ਰਾਹਮਣ ਸੰਸਥਾਵਾਂ ਦੁਆਰਾ ਉਠਾਏ ਗਏ ਜਾਤੀਵਾਦ ਨੂੰ ਉਤਸ਼ਾਹਿਤ ਕਰਨ ਦੇ ਇਤਰਾਜ਼ਾਂ ਕਾਰਨ ਇਸ ਨੂੰ 25 ਅਪ੍ਰੈਲ 2025 ਤੱਕ ਅੱਗੇ ਧੱਕ ਦਿੱਤਾ ਗਿਆ ਹੈ।

ਸਿੱਖਿਆ ਦੁਆਰਾ ਭਾਰਤ ਵਿੱਚ ਲੜਕੀਆਂ ਲਈ ਪਹਿਲਾ ਸਕੂਲ ਸਥਾਪਿਤ ਕਰਨਾ ਅਤੇ ਤਥਾਕਥਿਤ ਪਛੜੀਆਂ ਜਾਤੀਆਂ ਦਾ ਉਥਾਨ ਕਰਨਾ ਫੁਲੇ ਜੋੜੇ ਦਾ ਕੰਮ ਸਮਾਜਿਕ ਨਿਆਂ ਦੀ ਵਿਵਸਥਾ ਵਿੱਚ ਕੇਂਦਰੀ ਹੈ। ਫਿਲਮ ਵਿੱਚ ਪ੍ਰਤੀਕ ਗਾਂਧੀ ਜੋਤੀਰਾਵ ਫੁਲੇ ਦੀ ਭੂਮਿਕਾ ਵਿੱਚ ਅਤੇ ਪਤ੍ਰਲੇਖਾ ਸਾਵਿਤਰੀਬਾਈ ਫੁਲੇ ਦੀ ਭੂਮਿਕਾ ਵਿੱਚ ਹਨ। ਇਹ ਫਿਲਮ 19ਵੀਂ ਸਦੀ ਦੇ ਭਾਰਤ ਵਿੱਚ ਸਿੱਖਿਆ ਅਤੇ ਸਮਾਜਿਕ ਸਮਾਨਤਾ ਲਈ ਉਨ੍ਹਾਂ ਦੇ ਅਗਾਂਹਵਧੂ ਯਤਨਾਂ ਦਾ ਜਾਇਜ਼ਾ ਲੈਂਦੀ ਹੈ, ਜਿਸ ਵਿੱਚ 1848 ਵਿੱਚ ਲੜਕੀਆਂ ਲਈ ਦੇਸ਼ ਦਾ ਪਹਿਲਾ ਸਕੂਲ ਸਥਾਪਿਤ ਕਰਨਾ ਸ਼ਾਮਲ ਹੈ। ਅਨੰਤ ਮਹਾਦੇਵਨ ਦੁਆਰਾ ਨਿਰਦੇਸ਼ਿਤ ਇਸ ਫਿਲਮ ਦਾ ਉਦੇਸ਼ ਜਾਤੀ ਅਤੇ ਲਿੰਗ ਭੇਦਭਾਵ ਦੇ ਵਿਰੁੱਧ ਉਨ੍ਹਾਂ ਦੇ ਅਣਥੱਕ ਸੰਘਰਸ਼ ਉੱਤੇ ਰੌਸ਼ਨੀ ਪਾਉਣਾ ਹੈ। ਜੋਤੀਰਾਵ ਫੁਲੇ ਅਤੇ ਸਾਵਿਤਰੀਬਾਈ ਫੁਲੇ ਦੇ ਜੀਵਨ ਉੱਤੇ ਆਧਾਰਿਤ ਇਹ ਫਿਲਮ ਜਾਤੀ ਅਤੇ ਲਿੰਗ ਭੇਦਭਾਵ ਦੇ ਵਿਰੁੱਧ ਉਨ੍ਹਾਂ ਦੇ ਸੰਘਰਸ਼ ਨੂੰ ਮੁੱਖ ਧਾਰਾ ਵਿੱਚ ਲਿਆਉਣ ਦੀ ਕੋਸ਼ਿਸ਼ ਕਰਦੀ ਹੈ।

ਬ੍ਰਾਹਮਣ ਸੰਸਥਾਵਾਂ ਦੇ ਇਤਰਾਜ਼ਾਂ ਦੇ ਜਵਾਬ ਵਜੋਂ, ਸੈਂਟਰਲ ਬੋਰਡ ਆਫ਼ ਫਿਲਮ ਸਰਟੀਫਿਕੇਸ਼ਨ (ਸੀਬੀਐਫਸੀ) ਨੇ ਫਿਲਮ ਵਿੱਚ ਤਬਦੀਲੀਆਂ ਕਰਨ ਦੀ ਸਿਫਾਰਸ਼ ਕੀਤੀ ਹੈ। ਸੀਬੀਐਫਸੀ ਨੇ ਫਿਲਮ ਵਿੱਚ 'ਮਾਂਗ', 'ਮਹਾਰ', 'ਪੇਸ਼ਵਾਈ' ਵਰਗੇ ਜਾਤੀ ਸੰਬੰਧੀ ਸੰਦਰਭ ਵਾਲੇ ਸ਼ਬਦਾਂ ਨੂੰ ਹਟਾਉਣ ਜਾਂ ਬਦਲਣ ਦੀ ਸਿਫਾਰਸ਼ ਕੀਤੀ ਹੈ। ਇਸੇ ਤਰ੍ਹਾਂ, '3,000 ਸਾਲਾਂ ਦੀ ਗੁਲਾਮੀ' ਵਾਲੇ ਸੰਵਾਦ ਨੂੰ 'ਕਈ ਸਾਲਾਂ ਦੀ ਗੁਲਾਮੀ' ਵਜੋਂ ਸੁਧਾਰਿਤ ਅਭਿਵਿਆਕਤੀ ਸੁਝਾਈ ਗਈ ਹੈ। ਅਸਲ ਵਿੱਚ, ਇਸ ਨਾਲ ਫੁਲੇ ਦੀ ਲਹਿਰ ਵਿੱਚ ਜਾਤੀ ਅਤਿਆਚਾਰਾਂ ਦੇ ਸਖ਼ਤ ਇਤਿਹਾਸਕ ਵਾਸਤਵਿਕਤਾ ਨੂੰ ਨਰਮ ਕੀਤਾ ਜਾ ਰਿਹਾ ਹੈ। ਇਹ ਕਟੌਤੀ ਫੁਲੇ ਦੇ ਵਿਚਾਰਧਾਰਕ ਵਿਰਸੇ ਦੀ ਪ੍ਰਮਾਣਿਕਤਾ ਅਤੇ ਉਨ੍ਹਾਂ ਦੁਆਰਾ ਪ੍ਰਤੀਨਿਧਤ ਕੀਤੇ ਗਏ ਵੰਚਿਤ ਸਮੂਹਾਂ ਦੇ ਇਤਿਹਾਸਕ ਸੰਘਰਸ਼ ਉੱਤੇ ਅਨਿਆਂਪੂਰਨ ਪ੍ਰਭਾਵ ਪਾਉਂਦੀ ਹੈ। ਵੱਖ-ਵੱਖ ਸਮਾਜਿਕ ਸੰਸਥਾਵਾਂ ਨੇ ਇਸ ਫੈਸਲੇ ਦੀ ਆਲੋਚਨਾ ਕੀਤੀ ਹੈ ਅਤੇ ਉਹ ਸੀਬੀਐਫਸੀ ਉੱਤੇ ਦੋਗਲੇਪਣ ਦਾ ਇਲਜ਼ਾਮ ਲਗਾ ਰਹੀਆਂ ਹਨ।

ਪਹਿਲੀ ਗੱਲ ਇਹ ਹੈ ਕਿ, ਕੀ ਸਾਡੇ ਦੇਸ਼ ਵਿੱਚ ਫਿਲਮਾਂ ਨੂੰ ਮਨਜ਼ੂਰੀ ਦੇ ਮਾਪਦੰਡ ਵੱਖ-ਵੱਖ ਹਨ? ਵਿਵਾਦਿਤ ਬਿਆਨਾਂ ਅਤੇ ਜਾਣਕਾਰੀ ਵਾਲੀਆਂ 'ਦ ਕੇਰਲ ਸਟੋਰੀ' ਅਤੇ 'ਦ ਕਸ਼ਮੀਰ ਫਾਈਲਜ਼' ਵਰਗੀਆਂ ਫਿਲਮਾਂ ਨੂੰ ਸੈਂਸਰ ਬੋਰਡ ਨੇ ਆਸਾਨੀ ਨਾਲ ਮਨਜ਼ੂਰੀ ਦੇ ਦਿੱਤੀ, ਇਸ ਤਰ੍ਹਾਂ ਦੀਆਂ ਹੋਰ ਫਿਲਮਾਂ ਨੂੰ ਇਸ ਤਰ੍ਹਾਂ ਦੀ ਕਟੌਤੀ ਦਾ ਸਾਹਮਣਾ ਨਹੀਂ ਕਰਨਾ ਪਿਆ। ਪਰ ਸਮਾਜਿਕ ਸੁਧਾਰ ਅਤੇ ਬ੍ਰਾਹਮਣਸ਼ਾਹੀ ਮੁੱਲਾਂ ਉੱਤੇ ਅੱਖਰੀ ਜਾਤੀਵਾਦ ਵਿਰੋਧੀ ਸੰਘਰਸ਼ ਕਰਨ ਵਾਲੇ 'ਫੁਲੇ' ਇਸ ਸਮਾਜ ਸੁਧਾਰਕ ਜੋਤੀਰਾਵ ਫੁਲੇ ਅਤੇ ਸਾਵਿਤਰੀਬਾਈ ਫੁਲੇ ਦੇ ਕੰਮ ਉੱਤੇ ਫਿਲਮ ਵਿੱਚ ਕਈ ਤਬਦੀਲੀਆਂ ਕਰਨ ਦੀ ਸਲਾਹ ਜਾਣਬੁੱਝ ਕੇ ਦਿੱਤੀ ਜਾ ਰਹੀ ਹੈ। ਮਹਾਤਮਾ ਫੁਲੇ ਦਾ ਜਨਮ 11 ਅਪ੍ਰੈਲ ਨੂੰ ਹੋਇਆ ਸੀ। ਉਨ੍ਹਾਂ ਦੀ ਜਯੰਤੀ ਦੇ ਮੌਕੇ ਇਹ ਫਿਲਮ ਰਿਲੀਜ਼ ਹੋਣ ਦਾ ਸਬੰਧ ਇਸ ਦੇ ਵਪਾਰਕ ਹਿੱਤਾਂ ਨਾਲ ਵੀ ਹੈ। ਇਹ ਫਿਲਮ ਸਮੇਂ ਸਿਰ ਰਿਲੀਜ਼ ਨਾ ਹੋਣ ਕਾਰਨ ਇਸ ਦੀ ਸਫਲਤਾ ਉੱਤੇ ਅਸਰ ਪਵੇਗਾ, ਇਸ ਲਈ ਇਹ ਤਬਦੀਲੀਆਂ ਸੁਝਾਈਆਂ ਗਈਆਂ ਹਨ ਅਤੇ ਮਨਜ਼ੂਰੀ ਵਿੱਚ ਦੇਰੀ ਹੋਈ ਹੈ। ਇਹ ਅਸੰਗਤਤਾ ਦਰਸਾਉਂਦੀ ਹੈ ਕਿ ਸੀਬੀਐਫਸੀ ਸਾਰੀਆਂ ਫਿਲਮਾਂ ਉੱਤੇ ਇੱਕਸਾਰ ਨਿਯਮ ਲਾਗੂ ਨਹੀਂ ਕਰਦੀ। ਜਿਨ੍ਹਾਂ ਫਿਲਮਾਂ ਦੇ ਕਥਾਨਕ ਕੁਝ ਖਾਸ ਦ੍ਰਿਸ਼ਟੀਕੋਣਾਂ ਨੂੰ ਸਮਰਥਨ ਦਿੰਦੇ ਹਨ, ਉਨ੍ਹਾਂ ਨੂੰ ਆਸਾਨੀ ਹੁੰਦੀ ਹੈ, ਜਦਕਿ ਜੋ ਚੁਣੌਤੀਪੂਰਨ ਵਿਸ਼ਿਆਂ ਨੂੰ ਸੰਭਾਲਦੇ ਹਨ, ਉਨ੍ਹਾਂ ਨੂੰ ਰੁਕਾਵਟਾਂ ਆਉਂਦੀਆਂ ਹਨ। ਇਹ ਚੋਣਵਾਦ ਸੀਬੀਐਫਸੀ ਦੀ ਨਿਰਪੱਖਤਾ ਉੱਤੇ ਸਵਾਲ ਖੜੇ ਕਰਦਾ ਹੈ। ਇਸ ਨਾਲ ਕਲਾਤਮਕ ਆਜ਼ਾਦੀ ਅਤੇ ਇਤਿਹਾਸਕ ਸੱਚਾਈ ਨੂੰ ਅੱਗੇ ਲਿਆਉਣ ਉੱਤੇ ਪਾਬੰਦੀਆਂ ਆ ਰਹੀਆਂ ਹਨ।

ਦੂਜੀ ਗੱਲ ਇਹ ਹੈ ਕਿ ਭਾਰਤ ਵਿੱਚ ਜਾਤੀ ਇੱਕ ਅਤਿਅੰਤ ਸੰਵੇਦਨਸ਼ੀਲ ਮੁੱਦਾ ਹੈ। ਜਾਤੀ ਆਧਾਰਿਤ ਵਿਤਕਰਾ ਅੱਜ ਵੀ ਕਾਇਮ ਹੈ। 'ਫੁਲੇ' ਵਰਗੀਆਂ ਫਿਲਮਾਂ, ਜੋ ਇਨ੍ਹਾਂ ਸਵਾਲਾਂ ਨਾਲ ਸਿੱਧੇ ਟਕਰਾਉਂਦੀਆਂ ਹਨ, ਨੂੰ ਵੱਖ-ਵੱਖ ਤਰੀਕਿਆਂ ਨਾਲ ਰੋਕਿਆ ਗਿਆ ਹੈ। ਜੇਕਰ ਸੈਂਸਰ ਬੋਰਡ ਵਿੱਚ ਮੌਜੂਦ ਲੋਕਾਂ ਦੇ ਨਾਮ ਅਤੇ ਉਨ੍ਹਾਂ ਦੀ ਪਿੱਠਭੂਮੀ ਦੀ ਜਾਂਚ ਕੀਤੀ ਜਾਵੇ ਤਾਂ ਇਹ ਕਹਿਣ ਦੀ ਕੋਈ ਲੋੜ ਨਹੀਂ ਕਿ ਸੀਬੀਐਫਸੀ ਦੀ ਇਹ ਕਾਰਵਾਈ ਰਾਜਨੀਤਿਕ ਦਬਾਅ ਜਾਂ ਸਮਾਜਿਕ ਸਥਿਰਤਾ ਦੇ ਨਾਂ ਹੇਠ ਹੋ ਰਹੀ ਹੈ। 'ਫੁਲੇ' ਵਰਗੀ ਫਿਲਮ ਲਈ ਸਖ਼ਤ ਨਿਯਮ ਲਾਗੂ ਕਰਨਾ ਇਹ ਦਰਸਾਉਂਦਾ ਹੈ ਕਿ ਸੀਬੀਐਫਸੀ ਸਮਾਜਿਕ ਸੁਧਾਰਾਂ ਬਾਰੇ ਬੋਲਣ ਵਾਲੀਆਂ ਫਿਲਮਾਂ ਉੱਤੇ ਕੰਟਰੋਲ ਲਿਆਉਣਾ ਚਾਹੁੰਦੀ ਹੈ, ਜਦਕਿ ਵੰਡ ਪੈਦਾ ਕਰਨ ਵਾਲੀਆਂ ਕਹਾਣੀਆਂ ਨੂੰ ਛੋਟ ਦਿੰਦੀ ਹੈ।

ਤੀਜੀ ਮਹੱਤਵਪੂਰਨ ਗੱਲ ਇਹ ਹੈ ਕਿ 'ਫੁਲੇ' ਫਿਲਮ ਨੂੰ ਸਮੇਂ ਸਿਰ ਰਿਲੀਜ਼ ਕਰਨ ਦੀ ਇਜਾਜ਼ਤ ਨਾ ਦੇਣ ਪਿੱਛੇ ਬ੍ਰਾਹਮਣ ਸੰਗਠਨਾਂ ਦੀਆਂ ਸ਼ਿਕਾਇਤਾਂ ਦਾ ਵੱਡਾ ਹੱਥ ਹੈ। ਇਨ੍ਹਾਂ ਸੰਗਠਨਾਂ ਦਾ ਮੰਨਣਾ ਹੈ ਕਿ ਜੋਤੀਰਾਓ ਅਤੇ ਸਾਵਿਤਰੀਬਾਈ ਫੁਲੇ ਦੇ ਜੀਵਨ ਉੱਤੇ ਆਧਾਰਿਤ ਇਸ ਫਿਲਮ ਵਿੱਚ ਬ੍ਰਾਹਮਣ ਭਾਈਚਾਰੇ ਦਾ ਪ੍ਰਤੀਕੂਲ ਚਿੱਤਰਣ ਕੀਤਾ ਗਿਆ ਹੈ, ਜਿਸ ਕਾਰਨ ਬ੍ਰਾਹਮਣਾਂ ਨੂੰ ਖਲਨਾਇਕ ਵਾਂਗ ਦਿਖਾਇਆ ਗਿਆ ਹੈ ਜਾਂ ਉਨ੍ਹਾਂ ਉੱਤੇ ਅਨਿਆਂਪੂਰਨ ਟਿੱਪਣੀ ਕੀਤੀ ਗਈ ਹੈ। ਇਨ੍ਹਾਂ ਸ਼ਿਕਾਇਤਾਂ ਕਾਰਨ ਸੀਬੀਐਫਸੀ ਨੇ ਫਿਲਮ ਦੇ ਪ੍ਰਦਰਸ਼ਨ ਉੱਤੇ ਸਵਾਲ ਉਠਾਏ ਅਤੇ ਕੁਝ ਦ੍ਰਿਸ਼ਾਂ ਅਤੇ ਸੰਵਾਦਾਂ ਉੱਤੇ ਇਤਰਾਜ਼ ਜਤਾਏ, ਅਤੇ ਤਬਦੀਲੀਆਂ ਦਾ ਸੁਝਾਅ ਦਿੱਤਾ, ਜਿਸ ਕਾਰਨ ਫਿਲਮ ਦੇ ਪ੍ਰਦਰਸ਼ਨ ਵਿੱਚ ਦੇਰੀ ਹੋਈ ਹੈ। ਪਰ ਦੂਜੇ ਪਾਸੇ, ਫਿਲਮ ਨਿਰਮਾਤਾਵਾਂ ਦਾ ਦਾਅਵਾ ਹੈ ਕਿ ਫਿਲਮ ਇਤਿਹਾਸਕ ਤੌਰ 'ਤੇ ਸਹੀ ਹੈ, ਅਤੇ ਇਸ ਵਿੱਚ ਫੁਲੇ ਜੋੜੇ ਦੇ ਕੰਮ ਨੂੰ ਸਮਰਥਨ ਦੇਣ ਵਾਲੇ ਬ੍ਰਾਹਮਣ ਕਿਰਦਾਰ ਵੀ ਹਨ, ਅਤੇ ਉਨ੍ਹਾਂ ਦਾ ਕਿਸੇ ਵੀ ਭਾਈਚਾਰੇ ਨੂੰ ਬਦਨਾਮ ਕਰਨ ਦਾ ਇਰਾਦਾ ਨਹੀਂ ਹੈ। ਫਿਰ ਵੀ, ਸੀਬੀਐਫਸੀ ਨੇ ਬ੍ਰਾਹਮਣ ਸੰਗਠਨਾਂ ਦੀਆਂ ਸ਼ਿਕਾਇਤਾਂ ਨੂੰ ਤਰਜੀਹ ਦਿੱਤੀ, ਫਿਲਮ ਨਿਰਮਾਤਾਵਾਂ ਦੇ ਇਤਿਹਾਸਕ ਸ਼ੁੱਧਤਾ ਦੇ ਦਾਅਵਿਆਂ ਨੂੰ ਨਜ਼ਰਅੰਦਾਜ਼ ਕਰਕੇ ਜਾਤੀ ਨਾਲ ਸਬੰਧਤ ਸ਼ਬਦਾਂ ਜਾਂ ਘਟਨਾਵਾਂ ਨੂੰ ਬਦਲਣ ਦੀ ਜ਼ਿੱਦ ਕੀਤੀ। ਇਸ ਨਾਲ ਸੀਬੀਐਫਸੀ ਦੀ ਨਿਰਪੱਖਤਾ ਸ਼ੱਕੀ ਬਣਦੀ ਹੈ, ਕਿਉਂਕਿ ਉਹ ਇੱਕ ਖਾਸ ਗਰੁੱਪ ਦੀਆਂ ਭਾਵਨਾਵਾਂ ਨੂੰ ਜ਼ਿਆਦਾ ਮਹੱਤਵ ਦੇ ਰਹੇ ਹਨ ਅਤੇ ਫਿਲਮ ਨਿਰਮਾਤਾਵਾਂ ਦੇ ਕਲਾਤਮਕ ਦ੍ਰਿਸ਼ਟੀਕੋਣ ਨੂੰ ਨਜ਼ਰਅੰਦਾਜ਼ ਕਰ ਰਹੇ ਹਨ। ਨਤੀਜੇ ਵਜੋਂ, ਇਹ ਸਵਾਲ ਉੱਠਦਾ ਹੈ ਕਿ ਕੀ ਸੀਬੀਐਫਸੀ ਸੁਤੰਤਰ ਰੂਪ ਵਿੱਚ ਫੈਸਲੇ ਲੈ ਰਹੀ ਹੈ ਜਾਂ ਸੰਗਠਨਾਂ ਦੇ ਦਬਾਅ ਹੇਠ ਕੰਮ ਕਰ ਰਹੀ ਹੈ। ਜੇਕਰ ਸੀਬੀਐਫਸੀ ਦਬਾਅ ਹੇਠ ਇਤਿਹਾਸਕ ਸੱਚ ਜਾਂ ਕਲਾਤਮਕ ਦ੍ਰਿਸ਼ਟੀਕੋਣ ਨੂੰ ਬਦਲਣ ਲਈ ਮਜਬੂਰ ਕਰਦੀ ਹੈ, ਤਾਂ ਫਿਲਮ ਨਿਰਮਾਤਾਵਾਂ ਦਾ ਅਸਲ ਸੰਦੇਸ਼ ਕਮਜ਼ੋਰ ਹੋ ਜਾਂਦਾ ਹੈ ਅਤੇ ਦਰਸ਼ਕਾਂ ਦੇ ਜਾਣਕਾਰੀ ਦੇ ਅਧਿਕਾਰ ਉੱਤੇ ਅਸਰ ਪੈਂਦਾ ਹੈ। ਇਸ ਲਈ ਸੀਬੀਐਫਸੀ ਦੇ ਕੰਮ ਕਰਨ ਦੇ ਤਰੀਕੇ ਅਤੇ ਭਰੋਸੇਯੋਗਤਾ ਉੱਤੇ ਸਵਾਲ ਉੱਠਣਾ ਸੁਭਾਵਿਕ ਅਤੇ ਜ਼ਰੂਰੀ ਹੈ।

ਚੌਥਾ ਮੁੱਦਾ ਕਲਾਤਮਕ ਆਜ਼ਾਦੀ ਦਾ ਹੈ। ਫੁਲੇ ਦੇ ਮਿਸ਼ਨ ਦਾ ਮੂਲ ਤੱਤ ਸ਼ੋਸ਼ਣ ਆਧਾਰਿਤ ਸੁਧਾਰ ਸੀ, ਇਸ ਲਈ ਉਸ ਵਿੱਚ ਉਸ ਸਮੇਂ ਵੱਡਾ ਵਿਰੋਧ ਅਤੇ ਸਖ਼ਤ ਸਮਾਜਿਕ ਸੰਘਰਸ਼ ਹੋਣਾ ਸੀ। ਇਨ੍ਹਾਂ ਸੰਪਾਦਨਾਂ ਕਾਰਨ ਫਿਲਮ ਦੀ ਇਤਿਹਾਸਕ ਸ਼ੁੱਧਤਾ ਪ੍ਰਭਾਵਿਤ ਹੋਵੇਗੀ। ਇਸ ਨਾਲ ਫਿਲਮ ਨਿਰਮਾਤਾਵਾਂ ਦੇ ਕਲਾਤਮਕ ਦ੍ਰਿਸ਼ਟੀਕੋਣ ਅਤੇ ਦਰਸ਼ਕਾਂ ਦੇ ਅਣਬੰਦ ਜਾਣਕਾਰੀ ਦੇ ਅਧਿਕਾਰ ਨੂੰ ਅਨਿਆਂ ਹੋ ਰਿਹਾ ਹੈ। ਇਹ ਮੰਨਿਆ ਜਾ ਰਿਹਾ ਹੈ। ਇਹ ਇਤਿਹਾਸਕ ਤੱਥਾਂ ਉੱਤੇ ਆਧਾਰਿਤ ਸਮਾਜਿਕ ਭਿਆਨਕਤਾ ਦੀ ਕਲਾਤਮਕ ਅਭਿਵਿਆਕਤੀ ਅਤੇ ਮੌਜੂਦਾ ਰਾਜਨੀਤਿਕ ਵਿਵਸਥਾ ਵਿੱਚ ਸੰਘਰਸ਼ ਹੈ।

ਫਿਲਮ ਨੂੰ ਮਨਜ਼ੂਰੀ ਮਿਲੇ ਜਾਂ ਵਿਰੋਧ ਹੋਵੇ, ਇੱਕ ਗੱਲ ਪੱਕੀ ਹੈ – ਇਹ ਫਿਲਮ ਸਾਡੇ ਸਮਾਜਿਕ ਇਤਿਹਾਸ ਦਾ




ਆਈਨਾ ਹੋਣ ਵਾਂਗ ਤਿੱਖੀ ਹਕੀਕਤ ਸਾਹਮਣੇ ਲਿਆ ਰਹੀ ਹੈ। ਇਸ ਵਿੱਚ ਸਿੱਖਿਆ ਲਈ ਸੰਘਰਸ਼ ਕਰਨ ਵਾਲੀ ਔਰਤ, ਜਾਤੀ ਦੀਆਂ ਕੰਧਾਂ ਨੂੰ ਤੋੜਨ ਵਾਲਾ ਅਧਿਆਪਕ, ਬ੍ਰਾਹਮਣਵਾਦੀ ਦਬਦਬੇ ਉੱਤੇ ਆਧਾਰਿਤ ਹਿੰਦੂ ਧਰਮ ਦੀ ਜਾਤੀ ਵਿਵਸਥਾ, ਸਮਾਜਿਕ ਬਾਈਕਾਟ, ਧਾਰਮਿਕ ਦਹਿਸ਼ਤ; ਮਹਾਤਮਾ ਫੁਲੇ ਦਾ ਜੀਵਨ ਚਿੱਤਰ ਇਨ੍ਹਾਂ ਸਾਰਿਆਂ ਨੂੰ ਸ਼ਾਮਲ ਕਰਦਾ ਹੈ।

ਮਹਾਤਮਾ ਫੁਲੇ ਦਾ ਕੰਮ ਉਨ੍ਹਾਂ ਦੀ ਪਤਨੀ ਸਾਵਿਤਰੀਬਾਈ ਫੁਲੇ ਦੇ ਯੋਗਦਾਨ ਤੋਂ ਬਿਨਾਂ ਪੂਰਾ ਨਹੀਂ ਹੋ ਸਕਦਾ। ਇੱਕ ਅਨਪੜ੍ਹ ਛੋਟੀ ਉਮਰ ਵਿੱਚ ਵਿਆਹੀ ਹੋਈ ਕੁੜੀ ਨੂੰ ਉਨ੍ਹਾਂ ਨੇ ਸਿੱਖਿਆ ਦਿੱਤੀ ਅਤੇ ਸਮਾਜ ਵਿੱਚ ਪਹਿਲੀ ਔਰਤ ਅਧਿਆਪਕ ਵਜੋਂ ਖੜ੍ਹਾ ਕੀਤਾ। ਇਸ ਔਰਤ ਨੇ ਸਮਾਜਿਕ ਬਾਈਕਾਟ ਦੇ ਸਾਹਮਣੇ ਖੜ੍ਹ ਕੇ ਸਿੱਖਿਆ ਦਾ ਦੀਵਾ ਲਗਾਤਾਰ ਜਗਾਉਂਦਾ ਰੱਖਿਆ। ਫੁਲੇ ਨੇ ਜਾਤੀਵਾਦੀ ਦਬਦਬੇ ਉੱਤੇ ਆਧਾਰਿਤ ਸਿੱਖਿਆ ਵਿਵਸਥਾ ਦੀਆਂ ਕੰਧਾਂ ਢਾਹ ਦਿੱਤੀਆਂ। ਉਨ੍ਹਾਂ ਨੇ ਅਛੂਤ, ਦਲਿਤ ਅਤੇ ਸ਼ੂਦਰ ਬੱਚਿਆਂ ਲਈ ਵੱਖਰੇ ਸਕੂਲ ਸ਼ੁਰੂ ਕੀਤੇ। ਉਨ੍ਹਾਂ ਦੇ ਸਕੂਲਾਂ ਵਿੱਚ ਜਾਤੀ ਨਹੀਂ ਪੁੱਛੀ ਜਾਂਦੀ ਸੀ, ਜੋ ਉਸ ਸਮੇਂ ਕ੍ਰਾਂਤੀਕਾਰੀ ਸੀ। ਫੁਲੇ ਨੇ 'ਗੁਲਾਮਗਿਰੀ' ਵਰਗੇ ਗ੍ਰੰਥ ਵਿੱਚ ਜਾਤੀ ਵਿਵਸਥਾ ਦਾ ਪਰਦਾਫਾਸ਼ ਕੀਤਾ ਅਤੇ ਬ੍ਰਾਹਮਣਸ਼ਾਹੀ ਉੱਤੇ ਸਿੱਧਾ ਹਮਲਾ ਕੀਤਾ। ਉਨ੍ਹਾਂ ਕਿਹਾ, "ਜਦੋਂ ਤੱਕ ਸਮਾਜ ਸਿੱਖਿਅਤ ਨਹੀਂ ਹੁੰਦਾ, ਉਦੋਂ ਤੱਕ ਉਹ ਗੁਲਾਮ ਹੀ ਰਹੇਗਾ।"

ਮਹਾਤਮਾ ਫੁਲੇ ਦੁਆਰਾ ਸ਼ੁਰੂ ਕੀਤੀ ਗਈ ਸਮਾਜਿਕ ਲਹਿਰ ਸੱਤਾਧਾਰੀ ਜਾਤੀ ਵਿਵਸਥਾ ਦਾ ਵਿਰੋਧ ਕਰਦੀ ਸੀ। ਇਸ ਕਾਰਨ ਉਨ੍ਹਾਂ ਨੂੰ ਸਮਾਜ ਤੋਂ ਭਾਰੀ ਵਿਰੋਧ ਦਾ ਸਾਹਮਣਾ ਕਰਨਾ ਪਿਆ। ਉਨ੍ਹਾਂ ਦਾ ਪਰਿਵਾਰ ਉਨ੍ਹਾਂ ਨਾਲ ਸਬੰਧ ਤੋੜ ਗਿਆ, ਅਤੇ ਸਮਾਜ ਨੇ ਉਨ੍ਹਾਂ ਨੂੰ ਬਾਹਰ ਕੱਢ ਦਿੱਤਾ। ਸਾਵਿਤਰੀਬਾਈ 'ਤੇ ਸੁੱਟੇ ਗਏ ਅਪਮਾਨ ਅਤੇ ਗੰਦਗੀ ਦੇ ਬਾਵਜੂਦ ਉਹ ਡਗਮਗਾਏ ਨਹੀਂ। ਉਨ੍ਹਾਂ ਨੇ ਧਾਰਮਿਕ ਦਹਿਸ਼ਤ ਦਾ ਵੀ ਸਾਹਮਣਾ ਕੀਤਾ। ਉਨ੍ਹਾਂ ਨੇ ਰੱਬ, ਧਰਮ ਅਤੇ ਪੂਜਾ-ਪੱਧਤੀਆਂ ਬਾਰੇ ਸਵਾਲ ਉਠਾਏ। "ਰੱਬ ਮਨੁੱਖ ਦਾ ਸਿਰਜਣਹਾਰ ਨਹੀਂ, ਬਲਕਿ ਮਨੁੱਖ ਰੱਬ ਦਾ ਸਿਰਜਣਹਾਰ ਹੈ," ਇਹ ਉਨ੍ਹਾਂ ਨੇ ਸਪੱਸ਼ਟ ਰੂਪ ਵਿੱਚ ਕਿਹਾ। ਇਨ੍ਹਾਂ ਵਿਚਾਰਾਂ ਕਾਰਨ ਉਨ੍ਹਾਂ ਨੂੰ 'ਨਾਸਤਿਕ' ਅਤੇ 'ਧਰਮਦ੍ਰੋਹੀ' ਕਹਿ ਕੇ



ਮਖੌਲ ਉਡਾਇਆ ਗਿਆ, ਪਰ ਉਨ੍ਹਾਂ ਨੇ ਆਪਣੇ ਵਿਚਾਰਾਂ ਦਾ ਰਾਹ ਨਹੀਂ ਛੱਡਿਆ।

ਮਹਾਤਮਾ ਫੁਲੇ ਦਾ ਕੰਮ ਸਿਰਫ਼ ਸਿੱਖਿਆ ਤੱਕ ਸੀਮਿਤ ਨਹੀਂ ਸੀ। ਉਨ੍ਹਾਂ ਨੇ ਸਤਿਆਸ਼ੋਧਕ ਸਮਾਜ ਦੀ ਸਥਾਪਨਾ ਕਰਕੇ ਸਮਾਜਿਕ ਸਮਾਨਤਾ ਦਾ ਨਵਾਂ ਰਾਹ ਖੋਲ੍ਹਿਆ। ਵਿਧਵਾ ਪੁਨਰਵਿਵਾਹ, ਔਰਤਾਂ ਦੇ ਗਰਭਪਾਤ ਦੇ ਅਧਿਕਾਰ, ਲੜਕੀਆਂ ਦੀ ਸਿੱਖਿਆ ਦੀ ਜ਼ਰੂਰਤ, ਖੇਤੀ ਵਿੱਚ ਸ਼ੋਸ਼ਣ ਅਤੇ ਬ੍ਰਾਹਮਣ-ਪੁਜਾਰੀ ਵਰਗ ਦੇ ਦਬਦਬੇ ਵਰਗੇ ਵੱਖ-ਵੱਖ ਸਮਾਜਿਕ ਮੁੱਦਿਆਂ 'ਤੇ ਉਨ੍ਹਾਂ ਨੇ ਲਿਖਿਆ ਅਤੇ ਕਾਰਵਾਈ ਕੀਤੀ। ਉਨ੍ਹਾਂ ਨੇ ਕਿਤੇ ਵੀ ਸੰਘਰਸ਼ ਨਹੀਂ ਰੋਕਿਆ ਅਤੇ ਸਤਿਆਸ਼ੋਧਕ ਸਮਾਜ ਦੀ ਸਥਾਪਨਾ ਕੀਤੀ, ਜਿਸ ਦਾ ਮੁੱਖ ਉਦੇਸ਼ ਜਾਤੀਆਂ ਵਿੱਚ ਸਮਾਨਤਾ ਸਥਾਪਿਤ ਕਰਨਾ ਅਤੇ ਬ੍ਰਾਹਮਣਵਾਦੀ ਦਬਦਬੇ ਦਾ ਵਿਰੋਧ ਕਰਨਾ ਸੀ।

ਸਤਿਆਸ਼ੋਧਕ ਸਮਾਜ ਨੇ ਵਿਆਹ, ਨਾਮਕਰਣ, ਅੰਤਿਮ ਸੰਸਕਾਰ ਵਰਗੇ ਧਾਰਮਿਕ ਰੀਤੀ-ਰਿਵਾਜ਼ਾਂ ਨੂੰ ਬ੍ਰਾਹਮਣਾਂ ਤੋਂ ਬਿਨਾਂ ਕਰਨਾ ਸ਼ੁਰੂ ਕੀਤਾ। ਜਾਤੀ ਦਾ ਵਿਚਾਰ ਕੀਤੇ ਬਿਨਾਂ ਇਕੱਠੇ ਖਾਣ ਅਤੇ ਜਨਤਕ ਪ੍ਰੋਗਰਾਮ ਆਯੋਜਿਤ ਕਰਨ ਦੀ ਪਰੰਪਰਾ ਸ਼ੁਰੂ ਕੀਤੀ। ਸਾਰੀਆਂ ਜਾਤੀਆਂ ਦੇ ਲੋਕ ਇਕੱਠੇ ਹੋ ਕੇ "ਸਤਿਆਸ਼ੋਧਕ" ਵਜੋਂ ਆਪਣੀ ਪਛਾਣ ਬਣਾਈ। ਸਤਿਆਸ਼ੋਧਕ ਸਮਾਜ ਕਾਰਨ ਪਹਿਲੀ ਵਾਰ ਦਲਿਤਾਂ, ਸ਼ੂਦਰਾਂ ਅਤੇ ਔਰਤਾਂ ਨੂੰ ਇੱਕ ਅਜਿਹਾ ਸਮਾਜਿਕ ਮੰਚ ਮਿਲਿਆ ਜੋ ਉਨ੍ਹਾਂ ਦਾ ਆਪਣਾ ਜਾਪਦਾ ਸੀ। ਸਿੱਖਿਆ ਦੀ ਲਹਿਰ ਸਮਾਜ ਤੱਕ ਪਹੁੰਚੀ।

ਮਹਾਤਮਾ ਫੁਲੇ ਦੀ ਉਮਰ ਵਧੀ, ਸਿਹਤ ਖਰਾਬ ਹੋਈ, ਪਰ ਸਮਾਜ ਲਈ ਕੰਮ ਕਰਨ ਦੀ ਊਰਜਾ ਘੱਟ ਨਹੀਂ ਹੋਈ। ਉਨ੍ਹਾਂ ਦੀ ਮੌਤ ਤੋਂ ਬਾਅਦ ਵੀ ਸਤਿਆਸ਼ੋਧਕ ਲਹਿਰ ਜਾਰੀ ਰਹੀ। ਬਾਅਦ ਦੇ ਸਮੇਂ ਵਿੱਚ ਸ਼ਾਹੂ ਮਹਾਰਾਜ, ਡਾ. ਬਾਬਾਸਾਹਿਬ ਆਂਬੇਡਕਰ, ਪੇਰੀਆਰ ਵਰਗੇ ਆਗੂਆਂ ਨੂੰ ਸਤਿਆਸ਼ੋਧਕ ਵਿਚਾਰਧਾਰਾ ਨੇ ਪ੍ਰੇਰਿਤ ਕੀਤਾ। ਅੱਜ ਵੀ ਜਾਤੀ ਦੇ ਨਾਂ 'ਤੇ ਲੋਕਾਂ ਦਾ ਕਤਲ ਕੀਤਾ ਜਾਂਦਾ ਹੈ, ਰੱਬ-ਧਰਮ ਦੇ ਨਾਂ 'ਤੇ ਅੰਧਵਿਸ਼ਵਾਸ ਵਧਦਾ ਹੈ, ਅਤੇ ਔਰਤਾਂ, ਦਲਿਤਾਂ, ਓਬੀਸੀ ਦੇ ਅਧਿਕਾਰਾਂ 'ਤੇ ਹਮਲਾ ਹੁੰਦਾ ਹੈ।

ਨਿਰਦੇਸ਼ਕ ਅਨੰਤ ਮਹਾਦੇਵਨ ਨੇ ਫਿਲਮ ਦੇ ਬਚਾਅ ਵਿੱਚ ਸਪੱਸ਼ਟ ਤੌਰ 'ਤੇ ਕਿਹਾ ਹੈ ਕਿ "ਮੇਰੀ ਫਿਲਮ ਦਾ ਕੋਈ ਏਜੰਡਾ ਨਹੀਂ ਹੈ। ਇਹ ਭਾਰਤੀ ਸਮਾਜ ਦਾ ਚਿਹਰਾ ਬਦਲਣ ਵਾਲੇ ਸਮਾਜ ਸੁਧਾਰਕਾਂ ਨੂੰ ਇੱਕ ਸੱਚੀ ਸਿਨੇਮਾਈ ਸ਼ਰਧਾਂਜਲੀ ਹੈ।" ਉਨ੍ਹਾਂ ਦੇ ਅਨੁਸਾਰ, ਫਿਲਮ ਦਾ ਉਦੇਸ਼ ਭੜਕਾਉਣਾ ਨਹੀਂ, ਬਲਕਿ ਸਿੱਖਿਆ ਦੇਣਾ ਅਤੇ ਪ੍ਰੇਰਿਤ ਕਰਨਾ ਹੈ। ਫੁਲੇਵਾਦ ਸਿਰਫ਼ ਇੱਕ ਫਿਲਮ ਤੱਕ ਸੀਮਿਤ ਨਹੀਂ ਹੈ; ਇਹ ਭਾਰਤ ਵਿੱਚ ਜਾਤੀ ਚਰਚਾ ਦੇ ਆਲੇ-ਦੁਆਲੇ ਫਸੀ ਅਸੁਵਿਧਾ ਹੈ। ਹਾਲਾਂਕਿ ਫੁਲੇ ਦੇ ਕੰਮ ਨੂੰ ਸਿੱਖਿਆਤਮਕ ਤੌਰ 'ਤੇ ਮਨਾਇਆ ਜਾਂਦਾ ਹੈ, ਪਰ ਮੀਡੀਆ ਰਾਹੀਂ ਉਨ੍ਹਾਂ ਦੇ ਸਮਾਜਿਕ ਬਦਲਾਅ ਦੇਖਣ ਦੇ ਵਿਚਾਰਾਂ ਨੂੰ ਦਰਸਾਉਣ ਦੀਆਂ ਕੋਸ਼ਿਸ਼ਾਂ ਅਜੇ ਵੀ ਵਿਰੋਧ ਦਾ ਸਾਹਮਣਾ ਕਰ ਰਹੀਆਂ ਹਨ।

ਜਾਤੀ ਅਸਮਾਨਤਾ ਨੂੰ ਚੁਣੌਤੀ ਦੇ ਕੇ ਦਲਿਤ-ਪੀੜਤ ਭਾਈਚਾਰਿਆਂ ਨੂੰ ਸ਼ਕਤੀਸ਼ਾਲੀ ਬਣਾਉਣ ਲਈ ਫੁਲੇ ਜੋੜੇ ਨੇ ਲਗਾਤਾਰ ਸੰਘਰਸ਼ ਕੀਤਾ। ਮਹਾਤਮਾ ਫੁਲੇ ਦੁਆਰਾ ਸ਼ੁਰੂ ਕੀਤਾ ਗਿਆ ਵਿਚਾਰਧਾਰਕ ਸੰਘਰਸ਼ ਅੱਜ ਵੀ ਸਾਡੇ ਲਈ ਬਹੁਤ ਮਹੱਤਵਪੂਰਨ ਹੈ। ਸਿੱਖਿਆ, ਸਮਾਨਤਾ ਅਤੇ ਨਿਆਂ ਦੀ ਦਿਸ਼ਾ ਵਿੱਚ ਚੁੱਕੇ ਗਏ ਹਰ ਕਦਮ ਦੇ ਪਿੱਛੇ ਮਹਾਤਮਾ ਫੁਲੇ ਦਾ ਪ੍ਰੇਰਣਾਦਾਇਕ ਵਿਰਸਾ ਹੈ। ਮਹਾਤਮਾ ਫੁਲੇ ਅਤੇ ਸਾਵਿਤਰੀਬਾਈ ਫੁਲੇ ਦੁਆਰਾ ਦਿਖਾਇਆ ਗਿਆ 'ਸਤਿਆਸ਼ੋਧਕ' ਰਾਹ ਅੱਜ ਵੀ ਬਹੁਤ ਸਾਰੇ ਲੋਕਾਂ ਦੇ ਵਿਚਾਰਾਂ ਨੂੰ ਸਹਾਰਾ ਦਿੰਦਾ ਹੈ।